# ਇਹ ਤੁਹਾਡੀ ਚੋਣ ਹੈ

## ਨਿੱਜੀ ਪਲੈਨਿੰਗ ਲਈ ਸਾਧਨ

PUBLIC GUARDIAN
AND TRUSTEE OF
BRITISH COLUMBIA

**ਜ਼ਰੂਰੀ ਨੋਟ:** ਪਬਲਿਕ ਗਾਰਡੀਅਨ ਐਂਡ ਟਰੱਸਟੀ ਇਹ ਜਾਣਕਾਰੀ ਤੁਹਾਨੂੰ ਕੁਝ ਕਾਨੂੰਨੀ ਪੇਪਰਾਂ ਬਾਰੇ ਦੱਸਣ ਲਈ ਦੇ ਰਿਹਾ ਹੈ ਜਿਨ੍ਹਾਂ ਦੀ ਵਰਤੋਂ ਤੁਸੀਂ ਉਸ ਸਮੇਂ ਲਈ ਪਲੈਨ ਬਣਾਉਣ ਲਈ ਕਰ ਸਕਦੇ ਹੋ ਜਦੋਂ ਤੁਸੀਂ ਸ਼ਾਇਦ ਆਪਣੇ ਲਈ ਫੈਸਲੇ ਕਰਨ ਦੇ ਅਯੋਗ ਹੋਵੋ। ਇਹ ਗਾਈਡ ਕਾਨੂੰਨੀ ਸ਼ਰਤਾਂ ਬਾਰੇ ਦੱਸਦੀ ਹੈ ਪਰ ਇਹ ਕਾਨੂੰਨੀ ਸਲਾਹ ਨਹੀਂ ਹੈ। ਇਹ ਇਕ ਆਮ ਜਾਣਕਾਰੀ ਹੈ ਅਤੇ ਇਹ ਕਿਸੇ ਪੇਸ਼ਾਵਰ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ। ਇਨ੍ਹਾਂ ਕਾਨੂੰਨਾਂ ਬਾਰੇ ਜਾਂ ਇਹ ਪੇਪਰ ਬਣਾਉਣ ਬਾਰੇ ਜੇ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਸੇ ਨੋਟਰੀ ਜਾਂ ਵਕੀਲ ਨਾਲ ਜਾਂ ਆਪਣੇ ਲੋਕਲ ਕਮਿਉਨਟੀ ਲਾਅ ਆਫਿਸ ਨਾਲ ਸੰਪਰਕ ਕਰੋ।

# ਇਹ ਤੁਹਾਡੀ ਚੋਣ ਹੈ
## ਨਿੱਜੀ ਪਲੈਨਿੰਗ ਲਈ ਸਾਧਨ

## ਵਿਸ਼ਾ-ਵਸਤ


| | |
|---|---|
| ਏ. ਜਾਣ-ਪਛਾਣ | 3 |
| ਬੀ. ਇੰਡੁਅਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ) | 5 |
| ਸੀ. ਨੁਮਾਇੰਦਗੀ ਦਾ ਐਗਰੀਮੈਂਟ (ਆਰ ਏ) | 10 |
| ਡੀ. ਵਿੱਤੀ ਮਾਮਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ (ਫਾਇਨੈਂਸ਼ਲ ਆਰ ਏ 7) | 14 |
| ਈ. ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ | 17 |
| ਐੱਫ. ਅਡਵਾਂਸ ਡਾਇਰੈਕਟਿਵ | 21 |
| ਜੀ. ਕਮੇਟੀ ਦੀ ਨਿਯੁਕਤੀ | 22 |
| ਐੱਚ. ਨਿੱਜੀ ਪਲੈਨਿੰਗ ਲਈ ਹੋਰ ਵਿਚਾਰਾਂ | 24 |
| ਮਦਦ ਕਰਨ ਵਾਲੇ ਲਿੰਕ | 25 |
| ਸਾਡੇ ਨਾਲ ਸੰਪਰਕ ਕਰੋ | ਪਿਛਲਾ ਕਵਰ |

# ਏ. ਜਾਣ-ਪਛਾਣ

ਨਿੱਜੀ ਪਲੈਨਿੰਗ (ਵਿਉਂਤਬੰਦੀ) ਇਹ ਪੱਕਾ ਕਰਨ ਲਈ ਜ਼ਰੂਰੀ ਹੈ ਕਿ ਜੇ ਅਜਿਹਾ ਸਮਾਂ ਆ ਜਾਵੇ ਜਦੋਂ ਤੁਹਾਨੂੰ ਮਦਦ ਦੀ ਲੋੜ ਹੋਵੇ ਜਾਂ ਤੁਹਾਨੂੰ ਆਪਣੇ ਫੈਸਲੇ ਕਰਨ ਲਈ ਕਿਸੇ ਹੋਰ 'ਤੇ ਨਿਰਭਰ ਹੋਣਾ ਪਵੇ ਤਾਂ ਤੁਹਾਡੀਆਂ ਇੱਛਾਵਾਂ ਦਾ ਆਦਰ ਹੋਵੇ। 1 ਸਤੰਬਰ, 2011 ਨੂੰ ਭਵਿੱਖ ਦੀ ਦਿਮਾਗੀ ਅਸਮਰੱਥਾ ਲਈ ਨਿੱਜੀ ਪਲੈਨਿੰਗ ਲਈ ਕੁਝ ਨਵੀਆਂ ਚੋਣਾਂ ਉਪਲਬਧ ਹੋਈਆਂ ਅਤੇ ਹੋਰ ਪਹਿਲਾਂ ਹੀ ਮੌਜੂਦ ਚੋਣਾਂ ਵਿਚ ਸੋਧ ਕੀਤੀ ਗਈ। ਪਲੈਨਿੰਗ ਦੀਆਂ ਇਨ੍ਹਾਂ ਨਿੱਜੀ ਚੋਣਾਂ ਨੂੰ ਅਕਸਰ ਪ੍ਰੀਪਲੈਨਿੰਗ ਓਪਸ਼ਨਜ਼ ਆਖਿਆ ਜਾਂਦਾ ਹੈ।

ਸਾਡੇ ਵਿੱਚੋਂ ਬਹੁਤੇ ਆਪਣੀਆਂ ਜ਼ਿੰਦਗੀਆਂ ਵਿਚ ਆਪਣੇ ਫੈਸਲੇ ਆਪ ਕਰਨ ਦੇ ਯੋਗ ਰਹਿਣ ਦੀ ਆਸ ਅਤੇ ਉਮੀਦ ਕਰਦੇ ਹਨ, ਇਹ ਚੋਣ ਕਰਦੇ ਹੋਏ ਕਿ ਅਸੀਂ ਕਿੱਥੇ ਰਹਾਂਗੇ, ਆਪਣੇ ਪੈਸੇ ਦੀ ਸੰਭਾਲ ਕਰਾਂਗੇ ਅਤੇ ਆਪਣੀ ਸਿਹਤ ਬਾਰੇ ਫੈਸਲੇ ਕਰਾਂਗੇ। ਫਿਰ ਵੀ ਜ਼ਿੰਦਗੀ ਨਾ ਅਨੁਮਾਨਣਯੋਗ ਹੈ। ਅਚਾਨਕ ਹੋਇਆ ਕੋਈ ਐਕਸੀਡੈਂਟ ਜਾਂ ਬੀਮਾਰੀ ਸਭ ਕੁਝ ਬਦਲ ਸਕਦੇ ਹਨ। ਕਦੇ ਕਦੇ, ਫੈਸਲੇ ਕਰਨ ਦੀ ਸਾਡੀ ਸਮਰੱਥਾ ਹੌਲੀ ਹੌਲੀ ਬਦਲਦੀ ਹੈ, ਖਾਸ ਕਰਕੇ ਜਦੋਂ ਅਸੀਂ ਜ਼ਿਆਦਾ ਉਮਰ ਦੇ ਹੁੰਦੇ ਹਾਂ। ਸਭ ਤੋਂ ਬਿਹਤਰ ਜੋ ਅਸੀਂ ਆਪਣੇ ਆਪ ਲਈ ਅਤੇ ਆਪਣਾ ਖਿਆਲ ਰੱਖਣ ਵਾਲਿਆਂ ਲਈ ਕਰ ਸਕਦੇ ਹਾਂ ਉਹ ਪਹਿਲਾਂ ਪਲੈਨ ਕਰਨਾ (ਵਿਉਂਤ ਬਣਾਉਣਾ) ਹੈ। ਬਹੁਤ ਸਾਰੇ ਲੋਕ ਵਸੀਅਤ ਬਣਾ ਕੇ ਪਹਿਲਾਂ ਹੀ ਪਲੈਨ ਕਰਦੇ ਹਨ ਤਾਂ ਜੋ ਉਹ ਕਹਿ ਸਕਣ ਕਿ ਉਨ੍ਹਾਂ ਦੀ ਮੌਤ ਹੋਣ 'ਤੇ ਉਨ੍ਹਾਂ ਦੀ ਸੰਪਤੀ (ਜਾਇਦਾਦ) ਦਾ ਖਿਆਲ ਕੌਣ ਰੱਖੇਗਾ ਅਤੇ ਉਨ੍ਹਾਂ ਦੀ ਸੰਪਤੀ ਕਿਸ ਨੂੰ ਮਿਲਣੀ ਚਾਹੀਦੀ ਹੈ। ਪਰ, ਅਸੀਂ ਸਦਾ ਇਸ ਬਾਰੇ ਨਹੀਂ ਸੋਚਦੇ ਜਾਂ ਇਹ ਨਹੀਂ ਜਾਣਦੇ ਹੁੰਦੇ ਕਿ ਇਸ ਸੰਭਾਵਨਾ ਲਈ ਪਲੈਨ ਕਿਵੇਂ ਕਰਨਾ ਹੈ ਕਿ ਸਾਨੂੰ ਕਿਸੇ ਦੀ ਮਦਦ ਦੀ ਲੋੜ ਪੈ ਸਕਦੀ ਹੈ ਜਾਂ ਸਾਨੂੰ ਫੈਸਲੇ ਕਿਸੇ ਤੋਂ ਕਰਾਉਣੇ ਪੈ ਸਕਦੇ ਹਨ ਤਾਂ ਜੋ ਇਹ ਪੱਕਾ ਹੋਵੇ ਕਿ ਸਾਡੀਆਂ ਇੱਛਾਵਾਂ ਪੂਰੀਆਂ ਹੋ ਰਹੀਆਂ ਹਨ।

ਬੀ ਸੀ ਵਿਚ, ਬਾਲਗਾਂ ਨੂੰ ਕਾਨੂੰਨੀ ਨਿੱਜੀ ਪਲੈਨਿੰਗ ਦੀਆਂ ਚੋਣਾਂ ਕਰਨ ਦੀ ਚੋਣ ਹੈ ਜਿਨ੍ਹਾਂ ਦੀ ਵਰਤੋਂ ਤੁਸੀਂ ਇਹ ਪੱਕਾ ਕਰਨ ਲਈ ਕਰ ਸਕਦੇ ਹੋ ਕਿ ਤੁਹਾਡੀਆਂ ਇੱਛਾਵਾਂ ਦਾ ਪਤਾ ਹੈ ਅਤੇ ਜੇ ਲੋੜ ਪਵੇ ਤਾਂ ਇਨ੍ਹਾਂ ਦੀ ਪਾਲਣਾ ਕੀਤੀ ਜਾ ਸਕਦੀ ਹੈ। ਜੇ ਤੁਹਾਡੇ ਕੋਲ ਕੋਈ ਅਜਿਹਾ ਵਿਅਕਤੀ ਹੈ ਜਿਸ 'ਤੇ ਤੁਸੀਂ ਭਰੋਸਾ ਕਰਦੇ ਹੋਵੋ ਤਾਂ ਉਸ ਵਿਅਕਤੀ ਨੂੰ ਤੁਹਾਡੀ ਨੁਮਾਇੰਦਗੀ ਕਰਨ ਦੇ ਕਾਨੂੰਨੀ ਅਧਿਕਾਰ ਦੇਣ ਦੇ ਤਰੀਕੇ ਹਨ ਅਤੇ ਇਹ ਪੱਕਾ ਕੀਤਾ ਜਾ ਸਕਦਾ ਹੈ ਕਿ ਤੁਹਾਡੀਆਂ ਇੱਛਾਵਾਂ ਪੂਰੀਆਂ ਹੋ ਰਹੀਆਂ ਹਨ। ਪਲੈਨਿੰਗ ਦੀਆਂ ਇਹ ਚੋਣਾਂ ਅਡੱਲਟ ਗਾਰਡੀਅਨਸ਼ਿਪ ਕਾਨੂੰਨਾਂ ਦਾ ਹਿੱਸਾ ਹਨ, ਜੋ ਕਿ ਇਹ ਪੱਕਾ ਕਰਨ ਲਈ ਤਿਆਰ ਕੀਤੇ ਗਏ ਹਨ ਕਿ ਬੀ ਸੀ ਵਿਚ ਬਾਲਗਾਂ ਦੀ ਆਵਾਜ਼ ਸੁਣੀ ਜਾਵੇਗੀ ਜੇ ਬਾਲਗ ਆਪਣੇ ਲਈ ਬੋਲਣ ਦੇ ਹੁਣ ਕਾਬਲ ਨਾ ਰਹਿਣ।

### ਅਡੱਲਟ ਗਾਰਡੀਅਨਸ਼ਿਪ ਕਾਨੂੰਨ ਵਿਚ ਮੁਢਲੇ ਸਿਧਾਂਤਾਂ ਵਜੋਂ ਜੜਿਆਂ ਵਿਚ ਸ਼ਾਮਲ ਹਨ:

- ਇਹ ਮੰਨ ਲਿਆ ਜਾਂਦਾ ਹੈ ਕਿ ਸਾਰੇ ਬਾਲਗ ਫੈਸਲੇ ਕਰਨ ਦੇ ਸਮਰੱਥ ਹਨ ਜਦ ਤੱਕ ਕਿ ਇਸ ਦੇ ਉਲਟ ਨਹੀਂ ਦਿਖਾਇਆ ਜਾਂਦਾ
- ਕਿਸੇ ਬਾਲਗ ਦਾ ਦੂਜਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਇਹ ਫੈਸਲਾ ਕਰਨ ਦਾ ਆਧਾਰ ਨਹੀਂ ਹੈ ਕਿ ਉਹ ਫੈਸਲੇ ਕਰਨ ਦੇ ਅਸਮਰੱਥ ਹੈ
- ਸਾਰੇ ਬਾਲਗਾਂ ਨੂੰ ਇਸ ਤਰੀਕੇ ਨਾਲ ਰਹਿਣ ਦਾ ਹੱਕ ਹੈ ਜਿਵੇਂ ਉਹ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਮਦਦ, ਸਹਾਇਤਾ ਜਾਂ ਹਿਫਾਜ਼ਤ ਪ੍ਰਵਾਨ ਕਰਨ ਜਾਂ ਪ੍ਰਵਾਨ ਕਰਨ ਤੋਂ ਨਾਂਹ ਕਰਨ ਦਾ ਹੱਕ ਹੈ ਜੇ ਉਹ ਦੂਜਿਆਂ ਦਾ ਨੁਕਸਾਨ ਨਹੀਂ ਕਰਦੇ ਅਤੇ ਉਹ ਇਨ੍ਹਾਂ ਮਾਮਲਿਆਂ ਬਾਰੇ ਆਪਣੇ ਫੈਸਲੇ ਕਰਨ ਦੇ ਸਮਰੱਥ ਹਨ
- ਸਾਰੇ ਬਾਲਗਾਂ ਨੂੰ ਸਭ ਤੋਂ ਜ਼ਿਆਦਾ ਅਸਰਦਾਰ, ਪਰ ਘੱਟ ਤੋਂ ਘੱਟ ਅਯੋਗ ਦਖਲ ਦੇਣ ਵਾਲੀ, ਮਦਦ, ਸਹਾਇਤਾ ਜਾਂ ਹਿਫਾਜ਼ਤ ਮਿਲਣੀ ਚਾਹੀਦੀ ਹੈ, ਜਦੋਂ ਉਹ ਆਪਣੇ ਆਪ ਦੀ ਜਾਂ ਆਪਣੇ ਵਿੱਤੀ ਮਾਮਲਿਆਂ ਦੀ ਸੰਭਾਲ ਕਰਨ ਦੇ ਅਸਮਰੱਥ ਹੁੰਦੇ ਹਨ
- ਅਦਾਲਤ ਨੂੰ ਗਾਰਡੀਅਨ ਨਿਯੁਕਤ ਕਰਨ ਬਾਰੇ ਨਹੀਂ ਕਿਹਾ ਜਾਣਾ ਚਾਹੀਦਾ, ਅਤੇ ਨਾ ਹੀ ਨਿਯੁਕਤ ਕੀਤਾ ਜਾਣਾ ਚਾਹੀਦਾ ਹੈ, ਜੇ ਇਸ ਦੇ ਬਦਲ ਵਰਤ ਕੇ ਨਹੀਂ ਦੇਖੇ ਗਏ ਜਾਂ ਧਿਆਨ ਨਾਲ ਨਹੀਂ ਵਿਚਾਰੇ ਗਏ ਜਿਵੇਂ ਕਿ ਮਦਦ ਅਤੇ ਸਹਾਇਤਾ

### ਇਹ ਗਾਈਡ ਪਲੈਨਿੰਗ ਦੀਆਂ ਅੱਗੇ ਲਿਖੀਆਂ ਚੋਣਾਂ ਬਾਰੇ ਗੱਲ ਕਰੇਗੀ:

- ਇੰਡਿਉਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ)
- ਵਿੱਤੀ ਮਾਮਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ (ਫਾਇਨੈਂਸ਼ਲ ਆਰ ਏ 7)
- ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ (ਨਿੱਜੀ/ਸਿਹਤ ਸੰਭਾਲ ਆਰ ਏ 9)
- ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਆਮ ਸ਼ਰਤਾਂ ਨਾਲ ਨੁਮਾਇੰਦਗੀ ਦਾ ਐਗਰੀਮੈਂਟ (ਨਿੱਜੀ/ਸਿਹਤ ਸੰਭਾਲ ਦਾ ਮਿਆਰ ਆਰ ਏ 7)
- ਸਿਹਤ ਸੰਭਾਲ ਲਈ ਅਡਵਾਂਸ ਡਾਇਰੈਕਟਿਵ (ਅਗਾਊਂ ਆਦੇਸ਼)
- ਕਮੇਟੀ ਔਫ ਇਸਟੇਟ ਅਤੇ/ਜਾਂ ਵਿਅਕਤੀ ਦੀ ਨਾਮਜ਼ਦਗੀ (ਨੌਮੀਨੇਸ਼ਨ ਔਫ ਕਮੇਟੀ)

ਇਹ ਗਾਈਡ ਪਲੈਨਿੰਗ ਦੀਆਂ ਇਨ੍ਹਾਂ ਚੋਣਾਂ ਨੂੰ ਸਮਝਣ, ਜਦੋਂ ਤੁਸੀਂ ਇਨ੍ਹਾਂ ਦੀ ਵਰਤੋਂ ਕਰ ਸਕਦੇ ਹੋਵੋ, ਅਤੇ ਇਸ ਨੂੰ ਬਣਾਉਣ ਤੋਂ ਪਹਿਲਾਂ ਸੋਚਣ ਵਾਲੀਆਂ ਚੀਜ਼ਾਂ ਬਾਰੇ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਉਸ ਕਾਨੂੰਨ ’ਤੇ ਆਧਾਰਿਤ ਹੈ ਜਿਹੜਾ 1 ਸਤੰਬਰ, 2011 ਨੂੰ ਲਾਗੂ ਹੋਇਆ ਸੀ। ਤੁਹਾਡੇ ਪਹਿਲਾਂ ਹੀ ਕਾਨੂੰਨੀ ਪਲੈਨਿੰਗ ਦੇ ਪੇਪਰ ਤਿਆਰ ਹੋ ਸਕਦੇ ਹਨ ਅਤੇ ਤੁਹਾਨੂੰ ਇਹ ਹੈਰਾਨੀ ਹੋ ਸਕਦੀ ਹੈ ਕਿ ਕੀ ਤੁਹਾਨੂੰ ਨਵੇਂ ਕਾਨੂੰਨਾਂ ਕਰਕੇ ਇਨ੍ਹਾਂ ਨੂੰ ਦੁਬਾਰਾ ਬਣਾਉਣ ਦੀ ਲੋੜ ਹੈ। ਤੁਹਾਨੂੰ ਇਸ ਗਾਈਡ ਨੂੰ ਪੜ੍ਹਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ। ਤੁਹਾਨੂੰ ਅਗਾਂਹ ਹੋਰ ਜਾਣਕਾਰੀ ਦੀ ਲੋੜ ਹੋ ਸਕਦੀ ਹੈ। ਇਸ ਗਾਈਡ ਦੇ ਅੰਤ ’ਤੇ ਮਦਦ ਕਰਨ ਵਾਲੇ ਲਿੰਕ ਦੇਖੋ। ਤੁਸੀਂ ਕਾਨੂੰਨੀ ਸਲਾਹ ਲੈਣਾ ਵੀ ਚਾਹੁੰਦੇ ਹੋ ਸਕਦੇ ਹੋ ਤਾਂ ਜੋ ਇਹ ਪੱਕਾ ਹੋਵੇ ਕਿ ਤੁਹਾਡੇ ਪੇਪਰ ਉਹ ਚੀਜ਼ ਕਰਨਗੇ ਜਿਹੜੀ ਤੁਸੀਂ ਇਨ੍ਹਾਂ ਤੋਂ ਕਰਵਾਉਣ ਦੀ ਉਮੀਦ ਰੱਖਦੇ ਹੋ ਅਤੇ ਜਿਸ ਵਿਅਕਤੀ ਦੀ ਫੈਸਲੇ ਕਰਨ ਲਈ ਤੁਸੀਂ ਚੋਣ ਕਰੋਗੇ ਉਸ ਕੋਲ ਤੁਹਾਡੀਆਂ ਇੱਛਾਵਾਂ ਪੂਰੀਆਂ ਕਰਨ ਲਈ ਪੇਪਰਾਂ ਵਿਚ ਲੋੜੀਂਦੀਆਂ ਤਾਕਤਾਂ ਹੋਣ।

ਪਲੈਨਿੰਗ ਦੇ ਇਹ ਸਾਧਨ ਉਹ ਚੋਣਾਂ ਹਨ ਜਿਨ੍ਹਾਂ ’ਤੇ ਤੁਸੀਂ ਵਿਚਾਰ ਕਰ ਸਕਦੇ ਹੋ। ਤੁਹਾਨੂੰ ਆਪਣੇ ਲਈ ਪਲੈਨਿੰਗ (ਵਿਉਂਤਬੰਦੀ) ਦੇ ਕੋਈ ਪ੍ਰਬੰਧ ਕਰਨ ਦੀ ਮੰਗ ਨਹੀਂ ਕੀਤੀ ਜਾਂਦੀ। ਯਾਦ ਰੱਖੋ, ਇਹ ਤੁਹਾਡੀ ਚੋਣ ਹੈ।

## ਨਿੱਜੀ ਪਲੈਨਿੰਗ ਦੀਆਂ ਚੋਣਾਂ ਦਾ ਸੰਖੇਪ

ਅੱਗੇ ਦਿੱਤਾ ਚਾਰਟ ਪਲੈਨਿੰਗ ਦੀਆਂ ਵੱਖ ਵੱਖ ਚੋਣਾਂ ਵਾਲੋਂ ਕਵਰ ਕੀਤੇ ਜਾਂਦੇ ਫੈਸਲੇ ਕਰਨ ਦੇ ਖੇਤਰਾਂ ਦਾ ਇਕ ਆਮ ਸੰਖੇਪ ਪੇਸ਼ ਕਰਦਾ ਹੈ। ਪਰ ਫੈਸਲੇ ਕਰਨ ਦਾ ਕਾਰਜ ਖੇਤਰ ਵੱਖ ਵੱਖ ਹੋ ਸਕਦਾ ਹੈ ਜੋ ਕਿ ਵਰਤੀ ਗਈ ਚੋਣ ’ਤੇ ਨਿਰਭਰ ਕਰਦਾ ਹੈ। ਉਦਾਹਰਣ ਲਈ, ਵਿੱਤੀ ਮਾਮਲਿਆਂ ਲਈ ਨੁਮਾਇੰਦਗੀ ਦੇ ਐਗਰੀਮੈਂਟ ਨਾਲੋਂ ਇੰਡੁਅਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ) ਵਿਚ ਵਿੱਤੀ ਫੈਸਲਿਆਂ ਦੀ ਵੱਡੀ ਰੇਂਜ ਕਵਰ ਕੀਤੀ ਜਾ ਸਕਦੀ ਹੈ (ਫਾਇਨੈਂਸ਼ਲ ਆਰ ਏ 7)।

| ਫੈਸਲੇ ਦਾ ਏਰੀਆ / ਕਾਨੂੰਨੀ ਚੋਣਾਂ | **ਵਿੱਤੀ ਮਾਮਲੇ** | **ਕਾਨੂੰਨੀ ਮਾਮਲੇ** | **ਨਿੱਜੀ ਸੰਭਾਲ** | **ਸਿਹਤ ਸੰਭਾਲ** |
|---|---|---|---|---|
| ਇੰਡੁਅਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ) | ਹਾਂ | ਹਾਂ | ਨਹੀਂ | ਨਹੀਂ |
| ਵਿੱਤੀ ਮਾਮਲਿਆਂ ਦੇ ਆਮ ਪ੍ਰਬੰਧ ਲਈ ਨੁਮਾਇੰਦਗੀ ਦਾ ਐਗਰੀਮੈਂਟ (ਫਾਇਨੈਂਸ਼ਲ ਆਰ ਏ 7) | ਹਾਂ* | ਹਾਂ* | ਨਹੀਂ | ਨਹੀਂ |
| ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ (ਨਿੱਜੀ/ਸਿਹਤ ਸੰਭਾਲ ਆਰ ਏ 9) | ਨਹੀਂ | ਨਹੀਂ | ਹਾਂ | ਹਾਂ |
| ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ (ਨਿੱਜੀ/ਸਿਹਤ ਸੰਭਾਲ ਆਰ ਏ 7) | ਨਹੀਂ | ਨਹੀਂ | ਹਾਂ** | ਹਾਂ** |
| ਸਿਹਤ ਸੰਭਾਲ ਲਈ ਅਡਵਾਂਸ ਡਾਇਰੈਕਟਿਵ (ਅਗਾਊਂ ਆਦੇਸ਼) | ਨਹੀਂ | ਨਹੀਂ | ਨਹੀਂ | ਹਾਂ |
| ਕਮੇਟੀ ਫਾਰ ਇਸਟੇਟ ਅਤੇ/ਜਾਂ ਵਿਅਕਤੀ ਦੀ ਨਾਮਜ਼ਦਗੀ (ਨੌਮੀਨੇਸ਼ਨ ਔਫ ਕਮੇਟੀ) | ਹਾਂ | ਹਾਂ | ਹਾਂ | ਹਾਂ |

* ਨੋਟ ਕਰੋ ਕਿ ਫਾਇਨੈਂਸ਼ਲ ਆਰ ਏ 7 ਈ ਪੀ ਓ ਏ ਨਾਲੋਂ ਜ਼ਿਆਦਾ ਸੀਮਤ ਹੈ

** ਨੋਟ ਕਰੋ ਕਿ ਨਿੱਜੀ/ਸਿਹਤ ਸੰਭਾਲ ਆਰ ਏ 7 ਈ ਪੀ ਓ ਏ ਨਾਲੋਂ ਜ਼ਿਆਦਾ ਸੀਮਤ ਹੈ

# ਬੀ. ਇੰਡਯੂਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ)

ਬੀ ਸੀ ਵਿਚ, ਸਾਡੇ ਕੋਲ ਦੋ ਕਿਸਮਾਂ ਦੇ ਮੁਖਤਾਰਨਾਮੇ (ਪੌਵਰ ਔਫ ਅਟਾਰਨੀ) ਹਨ। ਇਹ *ਪੌਵਰ ਔਫ ਅਟਾਰਨੀ ਐਕਟ* ਹੇਠ ਬਣਾਏ ਜਾਂਦੇ ਹਨ।

ਇਕ **ਆਮ ਮੁਖਤਾਰਨਾਮਾ (ਪੀ ਓ ਏ)** ਇਕ ਕਾਨੂੰਨੀ ਪੇਪਰ (ਡਾਕੂਮੈਂਟ) ਹੈ ਜਿਹੜਾ ਤੁਹਾਨੂੰ ਤੁਹਾਡੀ ਸੇਧ 'ਤੇ ਜਾਂ ਤੁਹਾਡੀ ਤਰਫੋਂ ਉਦੋਂ ਲਈ ਆਪਣੇ ਵਿੱਤੀ ਮਾਮਲਿਆਂ ਦੀ ਦੇਖਭਾਲ ਲਈ ਕੋਈ ਭਰੋਸੇਯੋਗ ਵਿਅਕਤੀ ਨਿਯੁਕਤ ਕਰਨ ਦਿੰਦਾ ਹੈ ਜਦੋਂ ਤੁਸੀਂ ਅਜਿਹਾ ਨਹੀਂ ਕਰ ਸਕਦੇ। ਪੀ ਓ ਏ ਇਕ ਅਕਾਊਂਟ ਜਾਂ ਇਕ ਜਾਇਦਾਦ ਲਈ ਸੀਮਤ ਹੋ ਸਕਦਾ ਹੈ, ਜਾਂ ਇਹ ਇਕ ਨਿਸ਼ਚਤ ਸਮੇਂ ਲਈ ਤੁਹਾਡੇ ਸਾਰੇ ਵਿੱਤੀ ਅਤੇ ਕਾਨੂੰਨੀ ਮਾਮਲੇ ਕਵਰ ਕਰ ਸਕਦਾ ਹੈ। ਜੇ ਤੁਸੀਂ ਅਸਮਰੱਥ ਹੋ ਜਾਵੋ ਤਾਂ ਆਮ ਮੁਖਤਾਰਨਾਮਾ ਖਤਮ ਹੋ ਜਾਂਦਾ ਹੈ।

**ਇੰਡਯੂਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ)** ਇਕ ਕਾਨੂੰਨੀ ਪੇਪਰ (ਡਾਕੂਮੈਂਟ) ਹੈ ਜਿਹੜਾ ਤੁਹਾਨੂੰ ਆਪਣੇ ਕਾਨੂੰਨੀ ਅਤੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਕਿਸੇ ਭਰੋਸੇਯੋਗ ਵਿਅਕਤੀ ਤੋਂ ਕਰਵਾਉਣ ਦਾ ਕਾਨੂੰਨੀ ਅਧਿਕਾਰ ਦਿੰਦਾ ਹੈ, ਜੇ ਤੁਸੀਂ ਸਮਰੱਥ ਨਾ ਰਹੋ ਅਤੇ ਆਪਣੇ ਫੈਸਲੇ ਆਪ ਨਾ ਕਰ ਸਕਦੇ ਹੋਵੋ ਜਾਂ ਜੇ ਤੁਹਾਨੂੰ ਫੈਸਲੇ ਕਰਨ ਵਿਚ ਮਦਦ ਦੀ ਲੋੜ ਹੋਵੇ। ਜਿਸ ਵਿਅਕਤੀ ਨੂੰ ਤੁਸੀਂ ਨਿਯੁਕਤ ਕਰਦੇ ਹੋ ਉਸ ਨੂੰ ਅਟਾਰਨੀ (ਮੁਖਤਾਰ) ਆਖਿਆ ਜਾਂਦਾ ਹੈ।

ਇਹ ਭਾਗ ਇੰਡਯੂਰਿੰਗ ਪੌਵਰ ਔਫ ਅਟਾਰਨੀ (ਜਾਰੀ ਰਹਿਣ ਵਾਲੇ ਮੁਖਤਾਰਨਾਮਾ) ਬਾਰੇ ਦੱਸਦਾ ਹੈ। ਤੁਹਾਡੇ ਲਈ ਈ ਪੀ ਓ ਏ ਬਣਾਉਣਾ ਜ਼ਰੂਰੀ ਨਹੀਂ ਹੈ। ਇਹ ਤੁਹਾਡੀ ਚੋਣ ਹੈ। ਈ ਪੀ ਓ ਏ ਇਕ ਸਾਧਨ ਹੈ ਜਿਹੜਾ ਤੁਸੀਂ ਆਪਣੇ ਭਵਿੱਖ ਦੀ ਪਲੈਨ ਬਣਾਉਣ ਲਈ ਵਰਤ ਸਕਦੇ ਹੋ। ਇਸ ਚੀਜ਼ ਦੇ ਕਈ ਨਿਯਮ ਹਨ ਕਿ ਈ ਪੀ ਓ ਏ ਕਿਵੇਂ ਬਣਾਇਆ ਜਾਂਦਾ ਹੈ ਅਤੇ ਕਿਵੇਂ ਵਰਤਿਆ ਜਾਂਦਾ ਹੈ। ਕੁਝ ਮੁਖ ਨੁਕਤਿਆਂ ਬਾਰੇ ਹੇਠਾਂ ਦੱਸਿਆ ਗਿਆ ਹੈ।

1 ਸਤੰਬਰ, 2011 ਤੋਂ ਪਹਿਲਾਂ ਬਾਲਗ ਈ ਪੀ ਓ ਏ ਬਣਾ ਸਕਦੇ ਸਨ। ਪਰ, ਈ ਪੀ ਓ ਏ ਬਣਾਉਣ ਅਤੇ ਵਰਤਣ ਨਾਲ ਸੰਬੰਧਿਤ ਨਿਯਮ ਵੱਡੇ ਰੂਪ ਵਿਚ ਬਦਲ ਗਏ ਹਨ। ਉਦਾਹਰਣ ਲਈ, ਅਟਾਰਨੀ (ਮੁਖਤਾਰ) 'ਤੇ ਨਵੀਂਆਂ ਪਾਬੰਦੀਆਂ ਹਨ, ਜਿਵੇਂ ਕਿ ਗਿਫਟ, ਲੋਨ ਅਤੇ ਦਾਨ ਦੇਣ 'ਤੇ ਪਾਬੰਦੀਆਂ, ਜੇ ਈ ਪੀ ਓ ਏ ਅਟਾਰਨੀ ਨੂੰ ਇਸ ਬਾਰੇ ਖਾਸ ਅਧਿਕਾਰ ਨਹੀਂ ਦਿੰਦਾ। ਪਹਿਲਾਂ ਹੀ ਮੌਜੂਦ ਯੋਗ ਈ ਪੀ ਓ ਏਜ਼ ਯੋਗ ਹਨ ਅਤੇ ਅਜੇ ਵੀ ਵਰਤੇ ਜਾ ਸਕਦੇ ਹਨ। ਪਰ, ਤੁਹਾਡਾ ਅਟਾਰਨੀ ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਦੇ ਯੋਗ ਨਹੀਂ ਹੈ। ਜੇ ਤੁਸੀਂ ਇਹ ਸੋਚਦੇ ਹੋਵੋ ਕਿ ਤੁਹਾਨੂੰ ਨਵਾਂ ਬਣਾਉਣਾ ਚਾਹੀਦਾ ਹੈ ਤਾਂ ਤੁਸੀਂ ਪਹਿਲਾਂ ਹੀ ਮੌਜੂਦ ਦਸਤਾਵੇਜ਼ਾਂ 'ਤੇ ਵਿਚਾਰ ਕਰਨਾ ਅਤੇ ਕਾਨੂੰਨੀ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ।

| ਸੰਖੇਪ ਇੰਡਯੂਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ) | |
|---|---|
| ਈ ਪੀ ਓ ਏ ਕੌਣ ਬਣਾ ਸਕਦਾ ਹੈ? | ਕੋਈ ਵੀ ਬਾਲਗ (ਬੀ ਸੀ ਵਿਚ 19 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵਿਅਕਤੀ) ਈ ਪੀ ਓ ਏ ਬਣਾ ਸਕਦਾ ਹੈ ਜੇ ਉਹ ਪੇਪਰ (ਡਾਕੂਮੈਂਟ) ਦੀ ਕਿਸਮ ਅਤੇ ਸਿੱਟਿਆਂ ਨੂੰ ਸਮਝਣ ਦੇ ਅਸਮਰੱਥ ਨਹੀਂ ਹੈ।<br><br>*ਪੌਵਰ ਔਫ ਅਟਾਰਨੀ ਐਕਟ* ਕਹਿੰਦਾ ਹੈ ਕਿ ਕੋਈ ਬਾਲਗ ਪੇਪਰ (ਡਾਕੂਮੈਂਟ) ਦੀ ਕਿਸਮ ਅਤੇ ਸਿੱਟਿਆਂ ਨੂੰ ਸਮਝਣ ਦੇ ਅਸਮਰੱਥ ਹੈ ਜੇ ਬਾਲਗ ਅੱਗੇ ਲਿਖੀਆਂ ਸਾਰੀਆਂ ਚੀਜ਼ਾਂ ਨਹੀਂ ਸਮਝ ਸਕਦਾ:<br><br>(ਏ) ਬਾਲਗ ਕੋਲ ਕਿਹੜੀ ਜਾਇਦਾਦ ਹੈ ਅਤੇ ਇਸ ਦੀ ਤਕਰੀਬਨ ਕਿੰਨੀ ਕੀਮਤ ਹੈ;<br>(ਬੀ) ਬਾਲਗ ਦੀਆਂ ਆਪਣੇ ਨਿਰਭਰਾਂ ਲਈ ਕੀ ਜ਼ਿੰਮੇਵਾਰੀਆਂ ਹਨ;<br>(ਸੀ) ਇਹ ਕਿ ਬਾਲਗ ਦਾ ਅਟਾਰਨੀ ਬਾਲਗ ਦੇ ਵਿੱਤੀ ਮਾਮਲਿਆਂ ਦੇ ਸੰਬੰਧ ਵਿਚ ਕੋਈ ਵੀ ਚੀਜ਼ ਬਾਲਗ ਦੀ ਤਰਫੋਂ ਕਰਨ ਦੇ ਯੋਗ ਹੋਵੇਗਾ ਜਿਹੜੀਆਂ ਬਾਲਗ ਸਮਰੱਥ ਹੋਣ ਵੇਲੇ ਕਰ ਸਕਦਾ ਸੀ, ਪਰ ਇਸ ਵਿਚ ਵਸੀਅਤ ਬਣਾਉਣਾ ਸ਼ਾਮਲ ਨਹੀਂ ਹੈ ਅਤੇ ਇਸ 'ਤੇ ਇੰਡਯੂਰਿੰਗ ਪੌਵਰ ਔਫ ਅਟਾਰਨੀ (ਜਾਰੀ ਰਹਿਣ ਵਾਲੇ ਮੁਖਤਾਰਨਾਮਾ) ਵਿਚ ਤਹਿ ਕੀਤੀਆਂ ਗਈਆਂ ਸ਼ਰਤਾਂ ਅਤੇ ਬੰਦਸ਼ਾਂ ਲਾਗੂ ਹੁੰਦੀਆਂ ਹਨ।<br>(ਡੀ) ਇਹ ਕਿ ਜੇ ਅਟਾਰਨੀ ਬਾਲਗ ਦੇ ਕਾਰੋਬਾਰ ਅਤੇ ਜਾਇਦਾਦ ਨੂੰ ਸਾਵਧਾਨੀ ਨਾਲ ਨਹੀਂ ਸਾਂਭਦਾ ਤਾਂ ਇਨ੍ਹਾਂ ਦੀ ਕੀਮਤ ਘਟ ਸਕਦੀ ਹੈ;<br>(ਈ) ਇਹ ਕਿ ਅਟਾਰਨੀ, ਅਟਾਰਨੀ ਦੇ ਅਧਿਕਾਰ ਦੀ ਗਲਤ ਵਰਤੋਂ ਕਰ ਸਕਦਾ ਹੈ; ਅਤੇ<br>(ਐੱਫ) ਇਹ ਕਿ ਅਡੱਲਟ, ਜੇ ਸਮਰੱਥ ਹੋਵੇ ਤਾਂ ਇੰਡਯੂਰਿੰਗ ਪੌਵਰ ਔਫ ਅਟਾਰਨੀ ਨੂੰ ਵਾਪਸ ਲੈ ਸਕਦਾ ਹੈ। |

| | |
|---|---|
| ਈ ਪੀ ਓ ਏ ਕੀ ਕਵਰ ਕਰਦਾ ਹੈ? | ਈ ਪੀ ਓ ਏ ਸਿਰਫ ਤੁਹਾਡੇ ਕਾਨੂੰਨੀ ਅਤੇ ਵਿੱਤੀ ਮਾਮਲਿਆਂ ਨਾਲ ਵਰਤ ਸਕਦਾ ਹੈ। ਵਿੱਤੀ ਮਾਮਲਿਆਂ ਵਿਚ ਸ਼ਾਮਲ ਹੋ ਸਕਦੇ ਹਨ, ਤੁਹਾਡੇ ਬਿੱਲ ਦੇਣਾ, ਤੁਹਾਡੇ ਬੈਂਕਾਂ ਦੇ ਕੰਮ ਕਰਨਾ, ਤੁਹਾਡੀਆਂ ਇਨਵੈਸਟਮੈਂਟਾਂ ਦੀ ਸੰਭਾਲ ਕਰਨਾ, ਤੁਹਾਡੀ ਜਾਇਦਾਦ ਵੇਚਣਾ ਅਤੇ ਤੁਹਾਡੇ ਟੈਕਸ ਦੇਣਾ।<br><br>ਵਿੱਤੀ ਮਾਮਲਿਆਂ ਵਿਚ ਤੁਹਾਡੇ 'ਤੇ ਨਿਰਭਰ ਲੋਕਾਂ ਲਈ ਤੁਹਾਡੀਆਂ ਵਿੱਤੀ ਜ਼ਿੰਮੇਵਾਰੀਆਂ ਨੂੰ ਦੇਖਣਾ ਵੀ ਸ਼ਾਮਲ ਹੋ ਸਕਦਾ ਹੈ। ਕਾਨੂੰਨੀ ਮਾਮਲਿਆਂ ਵਿਚ ਕੋਈ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਜਾਂ ਕਾਨੂੰਨੀ ਕਾਰਵਾਈ ਤੋਂ ਬਚਾਅ ਕਰਨ ਲਈ ਕਿਸੇ ਵਕੀਲ ਨੂੰ ਕਰਨਾ ਵੀ ਸ਼ਾਮਲ ਹੋ ਸਕਦਾ ਹੈ।<br><br>ਤੁਸੀਂ ਅਜਿਹਾ ਈ ਪੀ ਓ ਏ ਬਣਾ ਸਕਦਾ ਹੋ ਜਿਹੜਾ ਖਾਸ ਹੋਵੇ ਜਾਂ ਇਹ ਵਿਸ਼ਾਲ ਹੋ ਸਕਦਾ ਹੈ। ਬਹੁਤ ਸਾਰੇ ਈ ਪੀ ਓ ਏਜ਼ ਵਿਸ਼ਾਲ ਹੁੰਦੇ ਹਨ ਤਾਂ ਜੋ ਅਟਾਰਨੀ ਨੂੰ ਕਿਸੇ ਵੀ ਉਸ ਚੀਜ਼ ਨਾਲ ਸਿੱਝਣ ਦਾ ਅਧਿਕਾਰ ਹੋਵੇ ਜਿਸ ਵੱਲ ਧਿਆਨ ਦੇਣ ਦੀ ਲੋੜ ਹੋ ਸਕਦੀ ਹੈ।<br><br>ਈ ਪੀ ਓ ਏ ਤੁਹਾਡੀ ਨਿੱਜੀ ਅਤੇ ਸਿਹਤ ਸੰਭਾਲ ਬਾਰੇ ਫੈਸਲਿਆਂ ਨੂੰ ਕਵਰ ਨਹੀਂ ਕਰਦਾ। ਜੇ ਤੁਸੀਂ ਚਾਹੁੰਦੇ ਹੋ ਕਿ ਕੋਈ ਤੁਹਾਡੇ ਲਈ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲੇ ਕਰੇ ਤਾਂ ਨੁਮਾਇੰਦਗੀ ਦਾ ਐਗਰੀਮੈਂਟ (ਰੈਪਰੇਜ਼ਿਨਟੇਸ਼ਨ ਐਗਰੀਮੈਂਟ) ਵਰਤਿਆ ਜਾਣਾ ਜ਼ਰੂਰੀ ਹੈ। |
| ਈ ਪੀ ਓ ਏ ਕਦੋਂ ਸ਼ੁਰੂ ਹੁੰਦਾ ਹੈ? | ਈ ਪੀ ਓ ਏ ਤੁਹਾਡੇ ਅਤੇ ਤੁਹਾਡੇ ਅਟਾਰਨੀ ਵਲੋਂ ਦਸਖਤ ਕਰਨ ਤੋਂ ਫੌਰਨ ਬਾਅਦ ਲਾਗੂ ਹੋ ਸਕਦਾ ਹੈ ਜਾਂ ਤੁਸੀਂ ਇਸ ਦੇ ਲਾਗੂ ਹੋਣ ਦੀ ਤਰੀਕ ਦੱਸ ਸਕਦੇ ਹੋ (ਹੇਠਾਂ ਦੇਖੋ)। ਜੇ ਤੁਸੀਂ ਇਹ ਨਹੀਂ ਕਹਿੰਦੇ ਕਿ ਇਹ ਕਦੋਂ ਤੋਂ ਲਾਗੂ ਹੋਵੇਗਾ ਤਾਂ ਤੁਸੀਂ ਇਹ ਵਿਚਾਰ ਕਰਨਾ ਚਾਹੁੰਦੇ ਹੋ ਸਕਦੇ ਹੋ ਕਿ ਤੁਹਾਡੇ ਅਟਾਰਨੀ ਨੂੰ ਕਦੋਂ ਅਤੇ ਕਿਵੇਂ ਤੁਹਾਡੀ ਮਦਦ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ। |
| ਕੀ ਈ ਪੀ ਓ ਏ ਸ਼ੁਰੂ ਹੋਣ ਦੀ ਤਰੀਕ ਬਦਲੀ ਜਾ ਸਕਦੀ ਹੈ? | ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਤੁਹਾਡੇ ਅਟਾਰਨੀ ਕੋਲ ਕਾਰਜ ਕਰਨ ਦਾ ਕਦੋਂ ਅਧਿਕਾਰ ਹੈ ਜੇ ਤੁਸੀਂ ਇਹ ਆਪਣੇ ਈ ਪੀ ਓ ਏ ਵਿਚ ਸਾਫ ਸਾਫ ਦੱਸਦੇ ਹੋ। ਉਦਾਹਰਣ ਲਈ, ਤੁਸੀਂ ਚਾਹੁੰਦੇ ਹੋ ਸਕਦੇ ਹੋ ਕਿ ਇਹ ਲਾਗੂ ਹੋ ਜਾਵੇ ਜੇ ਤੁਹਾਡਾ ਫੈਮਿਲੀ ਡਾਕਟਰ ਇਹ ਕਹਿੰਦੀ ਚਿੱਠੀ 'ਤੇ ਦਸਖਤ ਕਰਦਾ ਹੈ ਕਿ ਤੁਸੀਂ ਅਸਮਰੱਥ ਹੋ।<br><br>ਜਦ ਕਿ ਇਸ ਨਾਲ ਇਹ ਪੱਕਾ ਹੁੰਦਾ ਹੈ ਕਿ ਅਟਾਰਨੀ ਉਦੋਂ ਤਕ ਕਾਰਜ ਨਹੀਂ ਸਕਦਾ ਜਦ ਤੱਕ ਤੁਸੀਂ ਅਮਸਰੱਥ ਨਹੀਂ ਹੋ ਜਾਂਦੇ, ਇਸ ਦਾ ਮਤਲਬ ਇਹ ਵੀ ਹੈ ਕਿ ਤੁਹਾਡੇ ਸਮਰੱਥ ਹੋਣ ਦੌਰਾਨ ਉਨ੍ਹਾਂ ਕੋਲ ਤੁਹਾਡੇ ਲਈ ਬੋਲਣ ਜਾਂ ਤੁਹਾਡੀ ਮਦਦ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਮਦਦ ਵਿਚ ਗੁੰਝਲਦਾਰ ਵਿੱਤੀ ਮਾਮਲਿਆਂ ਨਾਲ ਸਿੱਝਣ ਵਿਚ ਮਦਦ, ਇਨਵੈਸਟਮੈਂਟ ਸਲਾਹਕਾਰਾਂ ਨਾਲ ਵਰਤਣਾ, ਜਾਂ ਤੁਹਾਡੀ ਟੈਕਸ ਰੀਟਰਨ ਬਾਰੇ ਕੈਨੇਡਾ ਰੈਵੇਨਿਊ ਏਜੰਸੀ ਨਾਲ ਗੱਲ ਕਰਨਾ ਸ਼ਾਮਲ ਹੋ ਸਕਦੇ ਹਨ। |
| ਕੀ ਤੁਸੀਂ ਅਜੇ ਵੀ ਫੈਸਲੇ ਕਰ ਸਕਦੇ ਹੋ? | ਕਾਨੂੰਨ ਹੇਠ, ਤੁਸੀਂ ਸਮਰੱਥ ਸਮਝੇ ਜਾਂਦੇ ਹੋ। ਤੁਸੀਂ ਉਦੋਂ ਤੱਕ ਫੈਸਲੇ ਕਰਨਾ ਜਾਰੀ ਰੱਖ ਸਕਦੇ ਹੋ ਜਦ ਤੱਕ ਤੁਸੀਂ ਉਹ ਫੈਸਲੇ ਕਰਨ ਦੇ ਅਸਮਰੱਥ ਨਹੀਂ ਹੋ ਜਾਂਦੇ। |
| ਈ ਪੀ ਓ ਏ ਕਦੋਂ ਖਤਮ ਹੁੰਦਾ ਹੈ? | ਈ ਪੀ ਓ ਏ ਤੁਹਾਡੇ ਵਲੋਂ ਰੱਦ ਕਰਨ ਜਾਂ ਤੁਹਾਡੀ ਮੌਤ ਤੱਕ ਜਾਰੀ ਰਹੇਗਾ। ਕੁਝ ਘਟਨਾਵਾਂ ਵੀ ਈ ਪੀ ਓ ਏ ਦੇ ਖਤਮ ਹੋਣ ਦਾ ਕਾਰਨ ਬਣਨਗੀਆਂ। ਕੁਝ ਆਮ ਹਨ:<br>• ਤੁਹਾਡਾ ਅਟਾਰਨੀ ਅਤੇ ਕੋਈ ਹੋਰ ਬਦਲ ਹੁਣ ਉਪਲਬਧ ਨਹੀਂ ਹਨ ਜਾਂ ਕਾਰਜ ਕਰਨ ਲਈ ਯੋਗ ਨਹੀਂ ਹਨ<br>• ਤੁਹਾਡਾ ਵਿਆਹ ਜਾਂ ਵਿਆਹ ਵਰਗੇ ਸਬੰਧ ਖਤਮ ਹੋ ਗਏ ਹਨ ਅਤੇ ਤੁਹਾਡਾ ਅਟਾਰਨੀ ਤੁਹਾਡਾ ਸਪਾਊਸ (ਪਤੀ, ਪਤਨੀ/ਸਾਥੀ) ਹੈ, ਜੇ ਤੁਹਾਡਾ ਈ ਪੀ ਓ ਏ ਇਸ ਨੂੰ ਜਾਰੀ ਰੱਖਣ ਲਈ ਨਹੀਂ ਕਹਿੰਦਾ<br>• ਤੁਹਾਡੇ ਵਲੋਂ ਈ ਪੀ ਓ ਏ ਵਿਚ ਪਾਈ ਗਈ ਕੋਈ ਸ਼ਰਤ ਲਾਗੂ ਹੋ ਗਈ ਹੈ<br>• ਅਦਾਲਤ ਦਾ ਆਰਡਰ ਖਤਮ ਹੋ ਜਾਂਦਾ ਹੈ<br><br>ਤੁਹਾਡਾ ਈ ਪੀ ਓ ਏ ਮੁਅੱਤਲ ਕਰ ਦਿੱਤਾ ਜਾਂਦਾ ਹੈ ਅਤੇ ਤੁਹਾਡਾ ਅਟਾਰਨੀ ਕਾਰਜ ਨਹੀਂ ਕਰ ਸਕਦਾ ਜੇ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਨੂੰ *ਪੇਸ਼ੈਂਟਸ ਪ੍ਰਾਪਰਟੀ ਐਕਟ* ਦੇ ਮੁਤਾਬਕ ਅਸਮਰੱਥਾ ਦੇ ਸਰਟੀਫਿਕੇਟ ਅਧੀਨ ਕਮੇਟੀ ਔਫ ਇਸਟੇਟ ਨਿਯੁਕਤ ਕੀਤਾ ਜਾਂਦਾ ਹੈ। |

| | |
|---|---|
| ਕੀ ਕੋਈ ਈ ਪੀ ਓ ਏ ਬਦਲਿਆ ਜਾਂ ਰੱਦ ਕੀਤਾ ਜਾ ਸਕਦਾ ਹੈ? | ਜੇ ਤੁਸੀਂ ਸਮਰੱਥ ਹੋਵੋ ਤਾਂ ਤੁਸੀਂ ਆਪਣਾ ਈ ਪੀ ਓ ਏ ਬਦਲ ਜਾਂ ਰੱਦ ਕਰ ਸਕਦੇ ਹੋ। ਇਹ ਪੱਕਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਅਟਾਰਨੀ ਅਤੇ ਤੀਜੀਆਂ ਧਿਰਾਂ ਜਿਵੇਂ ਕਿ ਤੁਹਾਡੀ ਬੈਂਕ, ਨੂੰ ਤਬਦੀਲੀ ਜਾਂ ਰੱਦ ਕਰਨ ਬਾਰੇ ਸਹੀ ਤਰ੍ਹਾਂ ਸੂਚਿਤ ਕੀਤਾ ਗਿਆ ਹੈ।<br><br>**ਸਾਵਧਾਨੀ:** ਨਵਾਂ ਈ ਪੀ ਓ ਏ ਬਣਾਉਣ ਨਾਲ ਪਹਿਲਾ ਪੀ ਓ ਏ ਜਾਂ ਈ ਪੀ ਓ ਏ ਆਪਣੇ ਆਪ ਰੱਦ ਨਹੀਂ ਹੋ ਜਾਂਦਾ। ਤੁਹਾਨੂੰ ਰੱਦ ਕਰਨ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਲੋੜ ਹੈ। |
| ਈ ਪੀ ਓ ਏ ਕਿਵੇਂ ਬਣਾਇਆ ਜਾਂਦਾ ਹੈ? | ਈ ਪੀ ਓ ਏ ਦਾ ਲਿਖਤੀ ਰੂਪ ਵਿਚ ਹੋਣਾ ਜ਼ਰੂਰੀ ਹੈ ਅਤੇ ਇਹ ਪੱਕਾ ਕਰਨ ਦੀਆਂ ਕਾਨੂੰਨੀ ਮੰਗਾਂ ਹਨ ਕਿ ਇਸ ’ਤੇ ਸਹੀ ਤਰ੍ਹਾਂ ਦਸਖ਼ਤ ਹੋਏ ਹਨ। ਆਪਣੇ ਵਕੀਲ ਜਾਂ ਨੋਟਰੀ, ਜਾਂ ਕਮਿਉਨਟੀ ਲੀਗਲ ਕਲੀਨਿਕ ਤੋਂ ਕਾਨੂੰਨੀ ਸਲਾਹ ਲੈਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।<br>ਮਨਿਸਟਰੀ ਔਫ ਜਸਟਿਸ ਨੇ ਇਕ ਫਾਰਮ ਛਾਪਿਆ ਹੈ ਜਿਹੜਾ ਈ ਪੀ ਓ ਏ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਇਹ ਤੁਹਾਡੇ ਹਾਲਾਤਾਂ ਜਾਂ ਲੋੜਾਂ ਨੂੰ ਕਵਰ ਕਰ ਸਕਦਾ ਹੈ ਜਾਂ ਨਹੀਂ ਕਰ ਸਕਦਾ ਹੈ। ਇਹ ਤੁਹਾਨੂੰ ਕੁਝ ਨਿਯਮਾਂ ਬਾਰੇ ਸਾਵਧਾਨ ਕਰਦਾ ਹੈ ਜਿਨ੍ਹਾਂ ਦੀ ਪਾਲਣਾ ਈ ਪੀ ਓ ਏ ਦੇ ਯੋਗ ਹੋਣ ਲਈ ਕੀਤੀ ਜਾਣੀ ਜ਼ਰੂਰੀ ਹੈ। ਤੁਸੀਂ ਇਸ ਗਾਈਡ ਦੇ ਅੰਤ ’ਤੇ ਲਿੰਕ ਦੇਖ ਸਕਦੇ ਹੋ।<br><br>ਜਿਨ੍ਹਾਂ ਨਿਯਮਾਂ ਬਾਰੇ ਸਾਵਧਾਨ ਹੋਣ ਦੀ ਲੋੜ ਹੈ, ਉਨ੍ਹਾਂ ਵਿੱਚੋਂ ਕੁਝ ਇਹ ਹਨ:<br>• ਤੁਹਾਡੇ ਅਤੇ ਤੁਹਾਡੇ ਅਟਾਰਨੀ ਲਈ ਗਵਾਹਾਂ ਦੇ ਸਾਹਮਣੇ ਦਸਖ਼ਤ ਕਰਨਾ ਜ਼ਰੂਰੀ ਹੈ<br>• ਜੇ ਤੁਸੀਂ ਦਸਖ਼ਤ ਨਾ ਕਰ ਸਕਦੇ ਹੋਵੋ ਤਾਂ ਤੁਸੀਂ ਕਿਸੇ ਹੋਰ ਨੂੰ ਆਪਣੀ ਤਰਫੋਂ ਦਸਖ਼ਤ ਕਰਨ ਲਈ ਕਹਿ ਸਕਦੇ ਹੋ<br>• ਜੇ ਗਵਾਹ ਬੀ ਸੀ ਦਾ ਕੋਈ ਵਕੀਲ ਜਾਂ ਨੋਟਰੀ ਨਹੀਂ ਹੈ ਤਾਂ ਦੋ ਗਵਾਹਾਂ ਨੂੰ ਦਸਖ਼ਤ ਕਰਨ ਦੀ ਲੋੜ ਹੈ<br>• ਤੁਹਾਡਾ ਅਟਾਰਨੀ ਗਵਾਹ ਨਹੀਂ ਬਣ ਸਕਦਾ ਅਤੇ ਗਵਾਹ ਅਟਾਰਨੀ ਦਾ ਸਪਾਉਸ, ਬੱਚਾ ਜਾਂ ਮਾਪਾ ਨਹੀਂ ਹੋ ਸਕਦਾ<br>• ਜੇ ਤੁਹਾਡਾ ਈ ਪੀ ਓ ਏ ਰੀਅਲ ਇਸਟੇਟ ਨੂੰ ਕਵਰ ਕਰਦਾ ਹੈ (ਜਿਵੇਂ ਕੋਈ ਘਰ ਜਾਂ ਅਪਾਰਟਮੈਂਟ) ਤਾਂ ਗਵਾਹ ਵਕੀਲ ਜਾਂ ਨੋਟਰੀ ਹੋਣਾ ਜ਼ਰੂਰੀ ਹੈ |

## ਈ ਪੀ ਓ ਏ ਲਈ ਅਟਾਰਨੀ ਦੀ ਚੋਣ ਕਰਨਾ

ਅਟਾਰਨੀ ਦੀ ਚੋਣ ਕਰਨਾ ਇਕ ਔਖਾ ਫੈਸਲਾ ਹੋ ਸਕਦਾ ਹੈ। ਤੁਹਾਨੂੰ ਈ ਪੀ ਓ ਏ ਬਣਾਉਣ ਦੀ ਲੋੜ ਨਹੀਂ ਹੈ ਜੇ ਇਹ ਤੁਹਾਡੇ ਲਈ ਠੀਕ ਨਹੀਂ ਹੈ। ਕੁਝ ਵਿਚਾਰਾਂ ਇਹ ਹਨ:

| | |
|---|---|
| ਕੌਣ ਅਟਾਰਨੀ ਹੋ ਸਕਦਾ ਹੈ? | ਤੁਸੀਂ ਆਪਣੇ ਭਰੋਸੇ ਵਾਲੇ ਕਿਸੇ ਵੀ ਵਿਅਕਤੀ ਨੂੰ ਅਟਾਰਨੀ ਬਣਾ ਸਕਦੇ ਹੋ। ਤੁਸੀਂ ਆਪਣੇ ਸਪਾਉਸ (ਪਤਨੀ/ਪਤੀ), ਪਰਿਵਾਰ ਦੇ ਮੈਂਬਰ ਜਾਂ ਨੇੜਲੇ ਦੋਸਤ ਦੀ ਚੋਣ ਕਰ ਸਕਦੇ ਹੋ। ਜੇ ਉਹ ਵਿਅਕਤੀ ਬਾਲਗ ਨਹੀਂ ਹੈ ਤਾਂ ਉਹ ਵਿਅਕਤੀ 19 ਸਾਲ ਦਾ ਹੋ ਜਾਣ ਤੱਕ ਕਾਰਜ ਨਹੀਂ ਕਰ ਸਕਦਾ।<br><br>ਇਹ ਜਾਣਨਾ ਜ਼ਰੂਰੀ ਹੈ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਅਟਾਰਨੀ ਨਹੀਂ ਬਣਾ ਸਕਦੇ ਜਿਸ ਨੂੰ ਤੁਹਾਡੀ ਨਿੱਜੀ ਸੰਭਾਲ ਜਾਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੈਸੇ ਮਿਲਦੇ ਹਨ। ਇਸ ਵਿਚ ਉਸ ਸਥਾਨ ’ਤੇ ਕੰਮ ਕਰਦੇ ਮੁਲਾਜ਼ਮ ਵੀ ਸ਼ਾਮਲ ਹਨ ਜਿੱਥੇ ਤੁਸੀਂ ਰਹਿੰਦੇ ਹੋ ਜਿਹੜਾ ਇਹ ਸੇਵਾਵਾਂ ਪ੍ਰਦਾਨ ਕਰਦਾ ਹੈ। ਜੇ ਤੁਹਾਡੇ ਵਲੋਂ ਚੁਣਿਆ ਗਿਆ ਅਟਾਰਨੀ ਤੁਹਾਡਾ ਸਪਾਉਸ, ਬੱਚਾ ਜਾਂ ਮਾਪਾ ਹੈ ਤਾਂ ਇਸ ਵਿਚ ਛੋਟ ਹੈ।<br><br>ਤੁਸੀਂ ਇਹ ਸੇਵਾਵਾਂ ਦੇਣ ਲਈ ਅਧਿਕਾਰਤ ਕਿਸੇ ਟਰੱਸਟ ਕੰਪਨੀ, ਜਾਂ ਕਰੈਡਿਟ ਯੂਨੀਅਨ ਨੂੰ ਵੀ ਅਟਾਰਨੀ ਬਣਾ ਸਕਦੇ ਹੋ।<br><br>ਇਹ ਫੈਸਲਾ ਕਰਨ ਵੇਲੇ ਕਿ ਕੌਣ ਤੁਹਾਡੇ ਲਈ ਚੰਗਾ ਅਟਾਰਨੀ ਹੋਵੇਗਾ, ਉਸ ਦੀ ਮੌਜੂਦ ਹੋਣ ਦੀ ਸਮਰੱਥਾ ਦੇ ਨਾਲ ਨਾਲ ਉਸ ਦੇ ਗਿਆਨ ਅਤੇ ਹੁਨਰਾਂ ’ਤੇ ਵੀ ਵਿਚਾਰ ਕਰੋ।<br><br>**ਸਾਵਧਾਨੀ:** ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਅਟਾਰਨੀ ਨਾਲ ਗੱਲ ਕਰੋ। ਤੁਹਾਡੇ ਵਲੋਂ ਦੱਸੇ ਗਏ ਅਟਾਰਨੀ ਲਈ ਇਸ ਰੋਲ ਨੂੰ ਪ੍ਰਵਾਨ ਕਰਨਾ ਜ਼ਰੂਰੀ ਨਹੀਂ ਹੈ। ਇਸ ਤਰ੍ਹਾਂ ਦੀਆਂ ਸ਼ਰਤਾਂ ਹੋ ਸਕਦੀਆਂ ਹਨ ਜਿਹੜੀਆਂ ਤੁਹਾਡੇ ਈ ਪੀ ਓ ਏ ਵਿਚ ਸ਼ਾਮਲ ਕਰਨ ਦੀ ਲੋੜ ਹੋ ਸਕਦੀ ਹੈ। ਉਦਾਹਰਣ ਲਈ, ਕਿਸੇ ਟਰੱਸਟ ਕੰਪਨੀ ਜਾਂ ਕਰੈਡਿਟ ਯੂਨੀਅਨ ਨੂੰ ਇਹ ਪੱਕਾ ਕਰਨ ਦੀ ਲੋੜ ਪਵੇਗੀ ਕਿ ਈ ਪੀ ਓ ਏ ਇਵਜ਼ਾਨਾ ਦੇਵੇ। |

| | |
|---|---|
| ਫਰਜ਼ ਅਤੇ ਜ਼ਿੰਮੇਵਾਰੀਆਂ | ਅਟਾਰਨੀ ਬਣਨ ਨਾਲ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਆਉਂਦੀਆਂ ਹਨ। ਨਾ ਸਿਰਫ ਤੁਹਾਡੇ ਪ੍ਰਤੀ ਫਰਜ਼ ਹਨ, ਸਗੋਂ ਉਮੀਦਾਂ ਅਤੇ ਕਾਨੂੰਨੀ ਮੰਗਾਂ ਵੀ ਹਨ। ਤੁਹਾਡੇ ਅਟਾਰਨੀ ਤੋਂ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨ ਦੀ ਉਮੀਦ ਰੱਖੀ ਜਾਵੇਗੀ। ਇਸ ਦਾ ਮਤਲਬ ਹੈ ਕਿ ਉਸ ਨੂੰ ਜ਼ਿੰਮੇਵਾਰੀਆਂ ਚੁੱਕਣ ਲਈ ਸਹਿਮਤ ਹੋਣ ਦੀ ਲੋੜ ਹੈ ਅਤੇ ਉਸ ਕੋਲ ਉਹ ਕਰਨ ਲਈ ਹੁਨਰ, ਸਮਰੱਥਾਵਾਂ ਅਤੇ ਸਮਾਂ ਹੈ ਜਿਸ ਦੀ ਉਮੀਦ ਰੱਖੀ ਜਾਂਦੀ ਹੈ। ਇਹ ਖਾਸ ਤੌਰ 'ਤੇ ਜ਼ਰੂਰੀ ਬਣ ਜਾਂਦਾ ਹੈ ਜੇ ਤੁਸੀਂ ਹੁਣ ਸਮਰੱਥ ਨਹੀਂ ਰਹੇ ਅਤੇ ਇਹ ਨਹੀਂ ਦੇਖ ਸਕਦੇ ਕਿ ਤੁਹਾਡਾ ਅਟਾਰਨੀ ਕੀ ਕਰ ਰਿਹਾ ਹੈ।<br><br>ਅਟਾਰਨੀ ਦੇ ਫਰਜ਼ਾਂ ਵਿਚ ਸ਼ਾਮਲ ਹਨ:<br>• ਈਮਾਨਦਾਰੀ ਅਤੇ ਚੰਗੀ ਨੀਅਤ ਨਾਲ ਕੰਮ ਕਰਨਾ<br>• ਵਾਜਬ ਤੌਰ 'ਤੇ ਸਮਝਦਾਰ ਵਿਅਕਤੀ ਵਾਲੀ ਚੌਕਸੀ, ਹੁਨਰ ਅਤੇ ਉੱਦਮ ਵਰਤਣਾ<br>• ਸਿਰਫ ਉਹ ਫੈਸਲੇ ਕਰਨਾ ਜਿਹੜੇ ਕਰਨ ਦੀ ਅਟਾਰਨੀ ਨੂੰ ਆਗਿਆ ਹੈ<br>• ਪੈਸੇ ਧੇਲੇ ਨੂੰ *ਟਰੱਸਟੀ ਐਕਟ* ਵਿਚਲੇ ਨਿਯਮਾਂ ਮੁਤਾਬਕ ਇਨਵੈਸਟ ਕਰਨਾ<br>• ਆਪਣੀ ਸੰਪਤੀ ਨੂੰ ਅਟਾਰਨੀ ਦੀ ਸੰਪਤੀ ਤੋਂ ਵੱਖ ਰੱਖਣਾ<br>• ਆਪਣੀ ਸੰਪਤੀ ਅਤੇ ਉਸ ਦੀ ਕੀਮਤ ਦੇ ਰਿਕਾਰਡ ਰੱਖਣਾ, ਅਤੇ ਲੈਣ ਦੇਣ ਦੇ ਵੀ ਤਾਂ ਜੋ ਅਕਾਊਂਟਿੰਗ ਕੀਤੀ ਜਾ ਸਕੇ<br><br>ਅਟਾਰਨੀ ਲਈ ਹੋਰ ਨਿਯਮਾਂ ਵਿਚ ਸ਼ਾਮਲ ਹਨ:<br>• ਤੁਹਾਡਾ ਅਟਾਰਨੀ ਤੁਹਾਡੀ ਵਸੀਅਤ ਨਹੀਂ ਬਣਾ ਸਕਦਾ ਜਾਂ ਇਸ ਵਿਚ ਤਬਦੀਲੀ ਨਹੀਂ ਕਰ ਸਕਦਾ<br>• ਲਾਭ-ਪਾਤਰ (ਬੈਨੇਫਿਸ਼ਰੀ) ਬਣਾਉਣ ਜਾਂ ਬਦਲਣ 'ਤੇ ਪਾਬੰਦੀਆਂ ਹਨ<br>• ਤੁਹਾਡਾ ਅਟਾਰਨੀ ਏਜੰਟ ਰੱਖ ਸਕਦਾ ਹੈ ਪਰ ਫੈਸਲੇ ਕਰਨ ਦਾ ਅਧਿਕਾਰ ਯੋਗਤਾਪ੍ਰਾਪਤ ਇਨਵੈਸਟਮੈਂਟ ਸਪੈਸ਼ਲਿਸਟਾਂ ਤੋਂ ਇਲਾਵਾ ਕਿਸੇ ਹੋਰ ਨੂੰ ਨਹੀਂ ਦੇ ਸਕਦਾ<br><br>**ਸਾਵਧਾਨੀ:** ਜੇ ਤੁਸੀਂ ਦੋ ਜਾਂ ਜ਼ਿਆਦਾ ਅਟਾਰਨੀ ਨਿਯੁਕਤ ਕਰਦੇ ਹੋ ਅਤੇ ਇਕ ਕਿਸੇ ਕਾਰਨ ਕਰਕੇ ਕਾਰਵਾਈ ਕਰਨ ਦੇ ਹੁਣ ਯੋਗ ਨਹੀਂ ਹੈ ਤਾਂ ਦੂਜਾ ਅਟਾਰਨੀ ਕਾਰਜ ਕਰਨਾ ਜਾਰੀ ਰੱਖ ਸਕਦਾ ਹੈ। ਤੁਸੀਂ ਅਜਿਹਾ ਚਾਹੁੰਦੇ ਜਾਂ ਨਾ ਚਾਹੁੰਦੇ ਹੋ ਸਕਦੇ ਹੋ। ਜੇ ਤੁਸੀਂ ਹਰ ਵੇਲੇ ਇਕ ਨਾਲੋਂ ਜ਼ਿਆਦਾ ਅਟਾਰਨੀ ਚਾਹੁੰਦੇ ਹੋਵੋ ਤਾਂ ਤੁਹਾਡੇ ਈ ਪੀ ਓ ਏ ਵਿਚ ਇਸ ਬਾਰੇ ਜ਼ਰੂਰ ਦੱਸਿਆ ਗਿਆ ਹੋਣਾ ਚਾਹੀਦਾ ਹੈ। |
| ਆਪਣੇ ਅਟਾਰਨੀ ਨਾਲ ਵਿਚਾਰਨ ਵਾਲੀਆਂ ਚੀਜ਼ਾਂ | ਭਾਵੇਂ ਤੁਸੀਂ ਕਿਸੇ 'ਤੇ ਫਰਜ਼ ਅਤੇ ਜ਼ਿੰਮੇਵਾਰੀਆਂ ਪੂਰਾ ਕਰਨ ਲਈ ਭਰੋਸਾ ਕਰਦੇ ਹੋਵੋ, ਇਹ ਸਦਾ ਚੰਗਾ ਖਿਆਲ ਹੈ ਕਿ ਤੁਸੀਂ ਆਪਣੀਆਂ ਪਲੈਨਾਂ (ਵਿਉਂਤਾਂ) ਬਾਰੇ ਆਪਣੇ ਅਟਾਰਨੀ ਨਾਲ ਗੱਲਬਾਤ ਕਰੋ। ਜੇ ਉਹ ਰੋਲ ਨਿਭਾਉਣ ਲਈ ਸਹਿਮਤ ਹੁੰਦੇ ਹਨ ਅਤੇ ਜੇ ਇਹ ਜ਼ਰੂਰੀ ਬਣ ਜਾਵੇ, ਤੁਸੀਂ ਇਹ ਗੱਲਬਾਤ ਕਰਨਾ ਚਾਹੁੰਦੇ ਹੋ ਸਕਦੇ ਹੋ ਕਿ ਤੁਹਾਡੇ ਲਈ ਕਿਹੜੀ ਚੀਜ਼ ਮਹੱਤਵਪੂਰਨ ਹੈ ਤਾਂ ਜੋ ਉਨ੍ਹਾਂ ਨੂੰ ਤੁਹਾਡੀਆਂ ਕਦਰਾਂ-ਕੀਮਤਾਂ ਅਤੇ ਇੱਛਾਵਾਂ ਦਾ ਪਤਾ ਹੋਵੇ ਜਿਹੜੀਆਂ ਉਸ ਦੇ ਫੈਸਲੇ ਕਰਨ ਨੂੰ ਸੇਧ ਦੇਣਗੀਆਂ, ਜੇ ਤੁਸੀਂ ਉਸ ਨਾਲ ਇਨ੍ਹਾਂ ਬਾਰੇ ਗੱਲ ਨਾ ਕਰ ਸਕੋ। ਤੁਸੀਂ ਆਪਣੇ ਵਿੱਤੀ ਮਾਮਲਿਆਂ ਦੇ ਕੁਝ ਮਹੱਤਵਪੂਰਨ ਪੱਖ ਵੀ ਦੱਸਣਾ ਚਾਹੁੰਦੇ ਹੋ ਸਕਦੇ ਹੋ ਅਤੇ ਇਹ ਵੀ ਕਿ ਜਾਣਕਾਰੀ ਕਿੱਥੋਂ ਲੈਣੀ ਹੈ। |
| ਕਿੰਨੇ ਅਟਾਰਨੀ? | ਤੁਸੀਂ ਇਕ ਨਾਲੋਂ ਜ਼ਿਆਦਾ ਅਟਾਰਨੀ ਨਿਯੁਕਤ ਕਰ ਸਕਦੇ ਹੋ। ਜੇ ਤੁਹਾਡਾ ਈ ਪੀ ਓ ਏ ਕਿਸੇ ਹੋਰ ਤਰ੍ਹਾਂ ਨਹੀਂ ਕਹਿੰਦਾ ਜਾਂ ਉਨ੍ਹਾਂ ਦੇ ਵੱਖੋ ਵੱਖਰੇ ਅਧਿਕਾਰ ਖੇਤਰ ਨਹੀਂ ਹਨ ਤਾਂ ਉਨ੍ਹਾਂ ਲਈ ਰਲ ਕੇ ਕੰਮ ਕਰਨਾ ਜ਼ਰੂਰੀ ਹੈ। ਹਰ ਹਾਲਤ ਵੱਖਰੀ ਹੁੰਦੀ ਹੈ। ਇਹ ਫੈਸਲਾ ਕਰਨ ਦੀ ਚੋਣ ਤੁਹਾਡੀ ਹੈ ਕਿ ਤੁਹਾਡੇ ਲਈ ਖਤਰਿਆਂ ਨੂੰ ਘੱਟ ਤੋਂ ਘੱਟ ਕਰਦੇ ਹੋਏ, ਤੁਹਾਡੀਆਂ ਇੱਛਾਵਾਂ ਪੂਰੀਆਂ ਕਰਨ ਲਈ ਕਿਹੜੇ ਪ੍ਰਬੰਧ ਪ੍ਰੈਕਟੀਕਲ ਹਨ। |
| ਕੀ ਮੈਂ ਕੋਈ ਬਦਲਵਾਂ ਅਟਾਰਨੀ ਵੀ ਬਣਾ ਸਕਦਾ/ਸਕਦੀ ਹਾਂ? | ਸਦਾ ਇਹ ਸੰਭਾਵਨਾ ਹੈ ਕਿ ਕੋਈ ਅਟਾਰਨੀ ਸ਼ਾਇਦ ਸਮਰੱਥ ਜਾਂ ਯੋਗ ਨਾ ਰਹੇ ਜਾਂ ਅਸਤੀਫਾ ਦੇਣਾ ਚਾਹੁੰਦਾ ਹੋਵੇ। ਜੇ ਕੋਈ ਹੋਰ ਹੈ ਜਿਸ 'ਤੇ ਤੁਸੀਂ ਜ਼ਿੰਮੇਵਾਰੀ ਸੰਭਾਲਣ ਲਈ ਭਰੋਸਾ ਕਰਦੇ ਹੋਵੋ ਤਾਂ ਤੁਸੀਂ ਉਸ ਵਿਅਕਤੀ ਦਾ ਇਕ ਬਦਲ ਵਜੋਂ ਨਾਂ ਦੇਣਾ ਚਾਹੁੰਦੇ ਹੋ ਸਕਦੇ ਹੋ ਤਾਂ ਜੋ ਤੁਹਾਡਾ ਈ ਪੀ ਓ ਏ ਜਾਰੀ ਰਹੇ। ਤੁਹਾਡੇ ਈ ਪੀ ਓ ਏ ਲਈ ਉਹ ਹਾਲਾਤ ਦੱਸਣੇ ਜ਼ਰੂਰੀ ਹਨ ਜਦੋਂ ਤੁਹਾਡਾ ਬਦਲ ਕਾਰਜ ਕਰਨਾ ਸ਼ੁਰੂ ਕਰ ਸਕਦਾ ਹੋਵੇ। |

## ਈ ਪੀ ਓ ਏ ਲਈ ਹੋਰ ਵਿਚਾਰਾਂ

ਈ ਪੀ ਓ ਏ ਬਣਾਉਣ ਵੇਲੇ ਵਿਚਾਰਨ ਵਾਲੀਆਂ ਕਈ ਚੀਜ਼ਾਂ ਹਨ। ਦੋ ਮਾਮਲੇ ਜਿਹੜੇ ਖਾਸ ਧਿਆਨ ਦੀ ਮੰਗ ਕਰਦੇ ਹਨ ਉਹ ਤੋਹਫੇ, ਲੋਨ ਅਤੇ ਦਾਨ, ਅਤੇ ਤੁਹਾਡੇ ਅਟਾਰਨੀ ਨੂੰ ਪੈਸੇ ਦੇਣਾ ਹਨ। ਜੇ ਇਨ੍ਹਾਂ ਵਿੱਚੋਂ ਕੋਈ ਵੀ ਹਾਲਤ ਤੁਹਾਡੇ ’ਤੇ ਲਾਗੂ ਹੁੰਦੀ ਹੈ ਤਾਂ ਤੁਸੀਂ ਕਾਨੂੰਨੀ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ ਤਾਂ ਜੋ ਇਹ ਪੱਕਾ ਹੋਵੇ ਕਿ ਤੁਹਾਡੀਆਂ ਇੱਛਾਵਾਂ ਦੀ ਪਾਲਣਾ ਹੋ ਸਕੇ।

| | |
|---|---|
| ਕੀ ਅਟਾਰਨੀ ਤੋਹਫੇ, ਲੋਨ ਜਾਂ ਦਾਨ ਦੇ ਸਕਦਾ ਹੈ? | ਭਾਵੇਂ ਕਿ ਅਟਾਰਨੀ ਦੀ ਮੁਢਲੀ ਜ਼ਿੰਮੇਵਾਰੀ ਤੁਹਾਡੇ ਪ੍ਰਤੀ ਹੈ, ਤੁਹਾਡਾ ਪਰਿਵਾਰ ਜਾਂ ਤੁਹਾਡੇ ’ਤੇ ਨਿਰਭਰ ਹੋ ਸਕਦੇ ਹਨ ਜਿਨ੍ਹਾਂ ਦੀ ਤੁਸੀਂ ਮਦਦ ਕਰਨਾ ਚਾਹੁੰਦੇ ਹੋਵੋ, ਤੁਸੀਂ ਹਰ ਸਾਲ ਤੋਹਫੇ ਦੇਣਾ ਚਾਹੁੰਦੇ ਹੋ ਸਕਦੇ ਹੋ ਜਾਂ ਤੁਸੀਂ ਆਪਣੀ ਪਸੰਦ ਦੀ ਚੈਰਿਟੀ ਦੀ ਮਦਦ ਕਰਨਾ ਚਾਹੁੰਦੇ ਹੋ ਸਕਦੇ ਹੋ, ਜੇ ਤੁਹਾਡੇ ਪੈਸੇ ਧੇਲੇ ਇਹ ਕਰ ਸਕਦੇ ਹੋਣ। ਕਾਨੂੰਨ ਕੁਝ ਤੋਹਫਿਆਂ, ਲੋਨਾਂ ਅਤੇ ਦਾਨਾਂ ਦੀ ਆਗਿਆ ਦਿੰਦਾ ਹੈ, ਪਰ ਇਨ੍ਹਾਂ ’ਤੇ ਸਖਤ ਸੀਮਾਵਾਂ ਲਾਗੂ ਹੁੰਦੀਆਂ ਹਨ।<br><br>ਜੇ ਤੁਸੀਂ ਚਾਹੁੰਦੇ ਹੋਵੋ ਕਿ ਤੁਹਾਡਾ ਅਟਾਰਨੀ ਤੋਹਫੇ ਅਤੇ ਦਾਨ ਦੇਣਾ ਜਾਰੀ ਰੱਖੇ, ਜਾਂ ਪਰਿਵਾਰ ਦੇ ਖਾਸ ਮੈਂਬਰਾਂ ਨੂੰ ਲੋਨ ਦੇਣ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਤੁਸੀਂ ਇਹ ਵਿਚਾਰਨਾ ਚਾਹੁੰਦੇ ਹੋ ਸਕਦੇ ਹੋ ਕਿ ਕੀ ਤੁਹਾਡੇ ਈ ਪੀ ਓ ਏ ਵਿਚ ਖਾਸ ਗਾਈਡਲਾਈਨਾਂ ਸ਼ਾਮਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਨਹੀਂ। ਤੁਹਾਡਾ ਅਟਾਰਨੀ ਵੀ ਇਸ ਚੀਜ਼ ਨੂੰ ਬਿਹਤਰ ਸਮਝਣਾ ਚਾਹੁੰਦਾ ਹੋ ਸਕਦਾ ਹੈ ਕਿ ਤੁਹਾਡੀਆਂ ਇੱਛਾਵਾਂ ਕੀ ਹਨ ਅਤੇ ਤੁਹਾਡੇ ਵਲੋਂ ਈ ਪੀ ਓ ਏ ਵਿਚ ਪਾਈਆਂ ਗਈਆਂ ਸ਼ਕਤੀਆਂ ਕਿਵੇਂ ਵਰਤਣੀਆਂ ਹਨ।<br><br>**ਸਾਵਧਾਨੀ:** ਜੇ ਤੁਹਾਡੇ ਕੋਲ ਅਜਿਹਾ ਈ ਪੀ ਓ ਏ ਹੈ ਜਿਹੜਾ 1 ਸਤੰਬਰ, 2011 ਤੋਂ ਪਹਿਲਾਂ ਬਣਾਇਆ ਗਿਆ ਸੀ ਜਾਂ ਕਿਸੇ ਹੋਰ ਇਲਾਕੇ ਵਿਚ ਬਣਾਇਆ ਗਿਆ ਸੀ ਪਰ ਬੀ ਸੀ ਵਿਚ ਮੰਨਿਆ ਜਾਂਦਾ ਹੈ ਤਾਂ ਜੇ ਤੁਹਾਡੇ ਈ ਪੀ ਓ ਏ ਵਿਚ ਗਾਈਡਲਾਈਨਾਂ ਨਹੀਂ ਹਨ ਤਾਂ ਕਾਨੂੰਨੀ ਸੀਮਾਵਾਂ ਲਾਗੂ ਹੋਣਗੀਆਂ। |
| ਕੀ ਅਟਾਰਨੀ ਨੂੰ ਪੈਸੇ ਦਿੱਤੇ ਜਾਣਗੇ? | ਭਾਵੇਂ ਕਿ ਬਹੁਤ ਸਾਰੇ ਅਟਾਰਨੀ ਨਹੀਂ ਚਾਹੁੰਦੇ ਹੋਣਗੇ ਕਿ ਉਨ੍ਹਾਂ ਨੂੰ ਪੈਸੇ ਮਿਲਣ ਪਰ ਜੇ ਤੁਸੀਂ ਚਾਹੁੰਦੇ ਹੋਵੋ ਕਿ ਤੁਹਾਡੇ ਅਟਾਰਨੀ ਨੂੰ ਪੈਸੇ ਮਿਲਣ ਤਾਂ ਇਸ ਬਾਰੇ ਈ ਪੀ ਓ ਏ ਵਿਚ ਦੱਸਿਆ ਗਿਆ ਹੋਣਾ ਜ਼ਰੂਰੀ ਹੈ। ਪਰ, ਸਾਰੇ ਅਟਾਰਨੀ ਆਪਣੇ ਪ੍ਰਮਾਣਿਤ ਅਤੇ ਵਾਜਬ ਖਰਚੇ ਤੁਹਾਡੀ ਸੰਪਤੀ ਵਿੱਚੋਂ ਮੋੜੇ ਜਾਣ ਦੇ ਹੱਕਦਾਰ ਹਨ। |

### ਉਦਾਹਰਣ

*ਟੈਰੀ ਅਤੇ ਫਿਲ 20 ਨਾਲੋਂ ਜ਼ਿਆਦਾ ਸਾਲ ਇਕੱਠੇ ਰਹੇ ਹਨ।*

*ਮੁੱਖ ਤੌਰ ’ਤੇ ਫਿਲ ਪੈਸੇ ਕਮਾਉਂਦਾ ਹੈ। ਉਨ੍ਹਾਂ ਦਾ ਘਰ ਸਾਂਝੇ ਨਾਂਵਾਂ ’ਤੇ ਹੈ।*

*ਉਨ੍ਹਾਂ ਨੇ ਹੁਣੇ ਹੁਣੇ ਆਪਣੀਆਂ ਵਸੀਅਤਾਂ ਨਵਿਆਈਆਂ ਹਨ ਅਤੇ ਇਸੇ ਸਮੇਂ ਉਨ੍ਹਾਂ ਨੇ ਈ ਪੀ ਓ ਏ ਬਣਾਏ ਹਨ ਜਿਸ ਵਿਚ ਉਨ੍ਹਾਂ ਨੇ ਇਕ ਦੂਜੇ ਦੇ ਵਿੱਤੀ ਮਾਮਲਿਆਂ ਦੀ ਦੇਖਭਾਲ ਕਰਨ ਲਈ ਇਕ ਦੂਜੇ ਨੂੰ ਅਟਾਰਨੀ ਬਣਾਇਆ ਹੈ ਅਤੇ ਵਕੀਲ ਨੇ ਇਹ ਪੱਕਾ ਕੀਤਾ ਹੈ ਕਿ ਈ ਪੀ ਓ ਏ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਇਹ ਲੈਂਡ ਟਾਈਟਲ ਆਫਿਸ ਵਿਚ ਵਰਤਿਆ ਜਾ ਸਕੇ।*

*ਕਾਰ ਦੇ ਇਕ ਐਕਸੀਡੈਂਟ ਵਿਚ ਫਿਲ ਨੂੰ ਸਿਰ ਵਿਚ ਸੱਟਾਂ ਲੱਗਣ ਕਾਰਨ ਹਸਪਤਾਲ ਜਾਣਾ ਪਿਆ। ਡਾਕਟਰਾਂ ਨੇ ਟੈਰੀ ਨੂੰ ਦੱਸਿਆ ਕਿ ਫਿਲ ਦੇ ਦਿਮਾਗ ਵਿਚ ਸੱਟ ਲੱਗੀ ਹੈ ਅਤੇ ਉਹ ਸ਼ਾਇਦ ਦੁਬਾਰਾ ਕੰਮ ਨਹੀਂ ਕਰ ਸਕੇਗਾ। ਉਸ ਨੂੰ ਸ਼ਾਇਦ ਜ਼ਿੰਦਗੀ ਭਰ ਸੰਭਾਲ ਦੀ ਲੋੜ ਪਵੇਗੀ ਅਤੇ ਇਸ ਵੇਲੇ ਉਹ ਆਪਣੇ ਵਿੱਤੀ ਫੈਸਲੇ ਕਰਨ ਦੇ ਅਸਮਰੱਥ ਹੈ।*

*ਟੈਰੀ ਨੂੰ ਕੁਝ ਜ਼ਰੂਰੀ ਵਿੱਤੀ ਫੈਸਲੇ ਕਰਨ ਦੀ ਲੋੜ ਹੈ। ਉਦਾਹਰਣ ਲਈ, ਟੈਰੀ ਨੂੰ ਇਨਸ਼ੋਰੈਂਸ ਦੇ ਕਲੇਮ ਨਾਲ ਸਿੱਝਣ ਦੀ ਲੋੜ ਹੈ ਅਤੇ ਅਜਿਹੇ ਘਰ ਵਿਚ ਮੂਵ ਹੋਣ ਲਈ ਪ੍ਰਬੰਧ ਕਰਨ ਦੀ ਲੋੜ ਹੈ ਜਿਹੜਾ ਫਿਲ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਹੋਵੇ। ਭਾਵੇਂ ਕਿ ਘਰ ਦੋਨਾਂ ਦਾ ਸਾਂਝਾ ਹੈ, ਟੈਰੀ ਫਿਲ ਦੇ ਦਸਖਤਾਂ ਬਿਨਾਂ ਘਰ ਨਹੀਂ ਵੇਚ ਸਕਦੀ। ਪਰ, ਕਿਉਂਕਿ ਫਿਲ ਨੇ ਵਿਸ਼ਾਲ ਈ ਪੀ ਓ ਏ ਬਣਾਇਆ ਹੈ ਜਿਹੜਾ ਟੈਰੀ ਨੂੰ ਫਿਲ ਦੇ ਸਾਰੇ ਵਿੱਤੀ ਮਾਮਲਿਆਂ ਬਾਰੇ ਫੈਸਲੇ ਕਰਨ ਦਾ ਅਧਿਕਾਰ ਦਿੰਦਾ ਹੈ, ਟੈਰੀ ਘਰ ਵੇਚ ਸਕਦੀ ਹੈ ਅਤੇ ਕੋਈ ਹੋਰ ਸਾਂਝੇ ਨਾਂਵਾਂ ’ਤੇ ਖਰੀਦ ਸਕਦੀ ਹੈ।*

*ਈ ਪੀ ਓ ਏ ਤੋਂ ਬਿਨਾਂ, ਟੈਰੀ ਨੂੰ ਫਿਲ ਦੀ ਇਸਟੇਟ ਦੀ ਕਮੇਟੀ ਬਣਨ ਲਈ ਅਦਾਲਤ ਜਾਣਾ ਪੈਣਾ ਸੀ। ਇਸ ਨੂੰ ਸਮਾਂ ਲੱਗਣਾ ਸੀ ਅਤੇ ਇਹ ਮਹਿੰਗਾ ਹੋਣਾ ਸੀ ਅਤੇ ਇਸ ਨੂੰ ਖਤਮ ਕਰਨਾ ਔਖਾ ਹੋਣਾ ਸੀ ਜੇ ਫਿਲ ਆਪਣੀ ਸਮਰੱਥਾ ਵਾਪਸ ਹਾਸਲ ਕਰ ਲਵੇ।*

# ਸੀ. ਨੁਮਾਇੰਦਗੀ ਦਾ ਐਗਰੀਮੈਂਟ (ਆਰ ਏ)

ਨੁਮਾਇੰਦਗੀ ਦਾ ਐਗਰੀਮੈਂਟ (ਆਰ ਏ) ਕਾਨੂੰਨੀ ਪਲੈਨਿੰਗ ਦਾ ਇਕ ਪੇਪਰ (ਡਾਕੂਮੈਂਟ) ਹੈ ਜਿਹੜਾ ਤੁਹਾਨੂੰ ਤੁਹਾਡੇ ਭਰੋਸੇ ਵਾਲੇ ਕਿਸੇ ਵਿਅਕਤੀ ਨੂੰ ਤੁਹਾਡੇ ਫੈਸਲੇ ਕਰਨ ਵਿਚ ਮਦਦ ਕਰਨ ਲਈ ਕਾਨੂੰਨੀ ਅਧਿਕਾਰ ਦਿੰਦਾ ਹੈ ਜਾਂ ਜੇ ਤੁਸੀਂ ਆਪਣੇ ਆਪ ਵਿਚ ਫੈਸਲੇ ਕਰਨ ਦੇ ਅਸਮਰੱਥ ਹੋ ਜਾਵੋ ਤਾਂ ਤੁਹਾਡੀ ਨੁਮਾਇੰਦਗੀ ਕਰਨ ਜਾਂ ਤੁਹਾਡੇ ਲਈ ਫੈਸਲੇ ਕਰਨ ਦਾ ਅਧਿਕਾਰ ਦਿੰਦਾ ਹੈ। ਆਰ ਏ ਤੁਹਾਡੇ ਨਿੱਜੀ ਅਤੇ/ਜਾਂ ਸਿਹਤ ਸੰਭਾਲ (ਇਲਾਜ) ਦੇ ਫੈਸਲੇ ਕਵਰ ਕਰ ਸਕਦਾ ਹੈ। ਇਹ ਤੁਹਾਡੇ ਆਮ ਵਿੱਤੀ ਮਾਮਲਿਆਂ ਦੀ ਸੰਭਾਲ ਨੂੰ ਵੀ ਕਵਰ ਕਰ ਸਕਦਾ ਹੈ। ਆਰ ਏ *ਰੈਪਰੈਜ਼ਿਨਟੇਸ਼ਨ ਐਗਰੀਮੈਂਟ ਐਕਟ* ਹੇਠ ਤਿਆਰ ਕੀਤੇ ਜਾਂਦੇ ਹਨ।

ਆਰ ਏ ਫਰਵਰੀ 2000 ਤੋਂ ਕਾਨੂੰਨੀ ਪਲੈਨਿੰਗ ਦੇ ਢੰਗ ਵਜੋਂ ਉਪਲਬਧ ਹਨ। ਜਿਹੜੇ ਨਿਯਮ ਆਰ ਏ ਬਣਾਉਣ ਅਤੇ ਵਰਤਣ ਨੂੰ ਚਲਾਉਂਦੇ ਹਨ ਉਨ੍ਹਾਂ ਵਿਚ 1 ਸਤੰਬਰ, 2011 ਨੂੰ ਸੋਧ ਕੀਤੀ ਗਈ ਸੀ। ਬਦਲੇ ਹੋਏ ਨਿਯਮ ਪਹਿਲਾਂ ਹੀ ਮੌਜੂਦ ਯੋਗ ਆਰ ਏ 'ਤੇ ਅਸਰ ਨਹੀਂ ਪਾਉਂਦੇ। ਸਭ ਤੋਂ ਮਹੱਤਵਪੂਰਨ ਤਬਦੀਲੀ ਇਹ ਹੈ ਕਿ ਹੁਣ ਵਿੱਤੀ ਮਾਮਲਿਆਂ ਲਈ ਆਰ ਏ ਸਿਰਫ ਵਿੱਤੀ ਮਾਮਲਿਆਂ ਦੀ ਆਮ ਸੰਭਾਲ ਲਈ ਹੀ ਬਣਾਇਆ ਜਾ ਸਕਦਾ ਹੈ ਜਿਵੇਂ ਕਿ ਅੱਗੇ ਦੱਸਿਆ ਗਿਆ ਹੈ। ਜੇ ਤੁਸੀਂ *ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ* ਦੇ ਸੈਕਸ਼ਨ 9 ਹੇਠ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦੇ ਪ੍ਰਬੰਧ ਲਈ ਵਿਸ਼ਾਲ ਸ਼ਕਤੀਆਂ ਵਾਲਾ ਆਰ ਏ ਬਣਾਉਂਦੇ ਹੋ ਇਹ ਈ ਪੀ ਓ ਏ ਸਮਝਿਆ ਜਾਵੇਗਾ। 1 ਸਤੰਬਰ, 2011 ਤੋਂ ਬਾਅਦ, ਤੁਹਾਡੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) 'ਤੇ ਅਟਾਰਨੀਆਂ ਲਈ ਕੁਝ ਪਾਬੰਦੀਆਂ ਲਾਗੂ ਹੋਣਗੀਆਂ ਜੇ ਐਗਰੀਮੈਂਟ ਪਾਬੰਦੀਆਂ ਨੂੰ ਕਵਰ ਨਹੀਂ ਕਰਦਾ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਡਾ ਨੁਮਾਇੰਦਾ ਸ਼ਾਇਦ ਤੁਹਾਡੀਆਂ ਸਾਰੀਆਂ ਇੱਛਾਵਾਂ ਪੂਰੀਆਂ ਕਰਨ ਦੇ ਯੋਗ ਨਾ ਹੋਵੇ। ਇਹ ਫੈਸਲਾ ਕਰਨ ਲਈ ਤੁਸੀਂ ਪਹਿਲਾਂ ਹੀ ਮੌਜੂਦ ਨੁਮਾਇੰਦਗੀ ਦੇ ਐਗਰੀਮੈਂਟਾਂ 'ਤੇ ਵਿਚਾਰ ਕਰਨਾ ਅਤੇ ਕਾਨੂੰਨੀ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ ਕਿ ਕੀ ਤੁਹਾਨੂੰ ਇਕ ਨਵਾਂ ਪਲੈਨਿੰਗ ਦਸਤਾਵੇਜ਼ ਬਣਾਉਣਾ ਚਾਹੀਦਾ ਹੈ ਜਾਂ ਨਹੀਂ।

ਤੁਹਾਡੇ ਲਈ ਆਰ ਏ ਬਣਾਉਣਾ ਜ਼ਰੂਰੀ ਨਹੀਂ ਹੈ। ਇਹ ਤੁਹਾਡੀ ਚੋਣ ਹੈ। ਆਰ ਏ ਇਕ ਸਾਧਨ ਹੈ ਜਿਹੜਾ ਤੁਸੀਂ ਆਪਣੇ ਭਵਿੱਖ ਲਈ ਪਲੈਨ ਬਣਾਉਣ ਲਈ ਵਰਤ ਸਕਦੇ ਹੋ। ਕਿਸੇ ਵੀ ਸਰਵਿਸ ਪ੍ਰੋਵਾਈਡਰ ਨੂੰ ਇਸ ਚੀਜ਼ ਦੀ ਕਾਨੂੰਨਨ ਮਨਾਹੀ ਹੈ ਕਿ ਉਹ ਚੀਜ਼ਾਂ ਜਾਂ ਸੇਵਾਵਾਂ ਦੇਣ ਲਈ ਆਰ ਏ ਦੀ ਮੰਗ ਕਰੇ।

ਨੁਮਾਇੰਦਗੀ ਦੇ ਐਗਰੀਮੈਂਟ ਵੱਖ ਵੱਖ ਕਿਸਮਾਂ ਦੇ ਫੈਸਲੇ ਕਰਨ ਲਈ ਬਣਾਏ ਜਾ ਸਕਦੇ ਹਨ ਅਤੇ ਹਰ ਕਿਸਮ 'ਤੇ ਵੱਖਰੇ ਨਿਯਮ ਲਾਗੂ ਹੁੰਦੇ ਹਨ। ਇਹ ਭਾਗ ਤਿੰਨ ਹਿੱਸਿਆਂ ਵਿਚ ਹੈ। ਪਹਿਲਾ ਉਹ ਨਿਯਮ ਦੱਸਦਾ ਹੈ ਜਿਹੜੇ ਆਮ ਤੌਰ 'ਤੇ ਆਰ ਏਜ਼ 'ਤੇ ਲਾਗੂ ਹੁੰਦੇ ਹਨ। ਦੂਜਾ ਹਿੱਸਾ ਫਾਇਨੈਂਸ਼ਲ (ਵਿੱਤੀ) ਆਰ ਏ 7 ਬਾਰੇ ਦੱਸਦਾ ਹੈ। ਬਾਕੀ ਬੱਚਦੇ ਹਿੱਸੇ ਨਿੱਜੀ/ਸਿਹਤ ਸੰਭਾਲ ਆਰ ਏ 9 ਅਤੇ ਨਿੱਜੀ/ਸਿਹਤ ਸੰਭਾਲ ਆਰ ਏ 7 ਬਾਰੇ ਦੱਸਦੇ ਹਨ।

| ਸੰਖੇਪ – ਨੁਮਾਇੰਦਗੀ ਦਾ ਐਗਰੀਮੈਂਟ (ਆਰ ਏ) – ਆਮ ਜਾਣਕਾਰੀ | |
|---|---|
| ਆਰ ਏ ਕੌਣ ਬਣਾ ਸਕਦਾ ਹੈ? | ਕੋਈ ਵੀ ਬਾਲਗ (ਬੀ ਸੀ ਵਿਚ 19 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵਿਅਕਤੀ) ਆਰ ਏ ਬਣਾ ਸਕਦਾ ਹੈ ਜੇ ਉਹ ਐਗਰੀਮੈਂਟ ਬਣਾਉਣ ਦੇ ਅਸਮਰੱਥ ਨਹੀਂ ਹੈ। ਜ਼ਿਆਦਾ ਜਾਣਕਾਰੀ ਲਈ ਆਰ ਏਜ਼ ਦੀਆਂ ਖਾਸ ਕਿਸਮਾਂ ਦੇਖੋ। |
| ਆਰ ਏ ਕਦੋਂ ਸ਼ੁਰੂ ਹੁੰਦਾ ਹੈ? | ਕੋਈ ਆਰ ਏ ਤੁਹਾਡੇ ਅਤੇ ਤੁਹਾਡੇ ਨੁਮਾਇੰਦੇ ਵਲੋਂ ਦਸਖ਼ਤ ਕਰਨ ਤੋਂ ਫੌਰਨ ਬਾਅਦ ਲਾਗੂ ਹੋ ਸਕਦਾ ਹੈ ਜਾਂ ਤੁਸੀਂ ਇਸ ਦੇ ਲਾਗੂ ਹੋਣ ਦੀ ਤਰੀਕ ਦੱਸ ਸਕਦੇ ਹੋ (ਹੇਠਾਂ ਦੇਖੋ)। ਜੇ ਤੁਸੀਂ ਇਹ ਨਹੀਂ ਕਹਿੰਦੇ ਕਿ ਇਹ ਕਦੋਂ ਤੋਂ ਲਾਗੂ ਹੋਵੇਗਾ ਤਾਂ ਤੁਸੀਂ ਇਹ ਵਿਚਾਰ ਕਰਨਾ ਚਾਹੁੰਦੇ ਹੋ ਸਕਦੇ ਹੋ ਕਿ ਤੁਹਾਡੇ ਨੁਮਾਇੰਦੇ ਨੂੰ ਕਦੋਂ ਅਤੇ ਕਿਵੇਂ ਤੁਹਾਡੀ ਮਦਦ ਕਰਨਾ ਸ਼ੁਰੂ ਕਰਨਾ ਚਾਹੀਦਾ ਹੈ। |
| ਕੀ ਆਰ ਏ ਸ਼ੁਰੂ ਹੋਣ ਦੀ ਤਰੀਕ ਬਦਲੀ ਜਾ ਸਕਦੀ ਹੈ? | ਤੁਸੀਂ ਇਹ ਕਹਿ ਸਕਦੇ ਹੋ ਕਿ ਆਰ ਏ ਕਦੋਂ ਤੋਂ ਲਾਗੂ ਹੋਵੇਗਾ ਪਰ ਆਰ ਏ ਇਹ ਕਹਿੰਦਾ ਹੋਣਾ ਚਾਹੀਦਾ ਹੈ ਕਿ ਹਾਲਾਤ ਕੀ ਹਨ ਅਤੇ ਇਹ ਪੱਕਾ ਕੌਣ ਕਰੇਗਾ ਕਿ ਘਟਨਾ ਵਾਪਰੀ ਹੈ। ਉਦਾਹਰਣ ਲਈ, ਆਰ ਏ ਇਹ ਕਹਿ ਸਕਦਾ ਹੈ ਕਿ ਇਹ ਲਾਗੂ ਹੈ ਜੇ ਤੁਹਾਡਾ ਫੈਮਿਲੀ ਡਾਕਟਰ ਇਹ ਕਹਿੰਦੀ ਚਿੱਠੀ 'ਤੇ ਦਸਖ਼ਤ ਕਰਦਾ ਹੈ ਕਿ ਤੁਸੀਂ ਅਸਮਰੱਥ ਹੋ। |
| ਕੀ ਤੁਸੀਂ ਅਜੇ ਵੀ ਫੈਸਲੇ ਕਰ ਸਕਦੇ ਹੋ? | ਕਾਨੂੰਨ ਹੇਠ, ਤੁਸੀਂ ਸਮਰੱਥ ਸਮਝੇ ਜਾਂਦੇ ਹੋ। ਤੁਸੀਂ ਉਦੋਂ ਤੱਕ ਫੈਸਲੇ ਕਰਨਾ ਜਾਰੀ ਰੱਖ ਸਕਦੇ ਹੋ ਜਦ ਤੱਕ ਤੁਸੀਂ ਉਹ ਫੈਸਲੇ ਕਰਨ ਦੇ ਅਸਮਰੱਥ ਨਹੀਂ ਹੋ ਜਾਂਦੇ। |
| ਆਰ ਏ ਕਦੋਂ ਖ਼ਤਮ ਹੁੰਦਾ ਹੈ? | ਆਰ ਏ ਤੁਹਾਡੇ ਵਲੋਂ ਰੱਦ ਕਰਨ ਜਾਂ ਤੁਹਾਡੀ ਮੌਤ ਤੱਕ ਜਾਰੀ ਰਹੇਗਾ। ਕੁਝ ਹੋਰ ਘਟਨਾਵਾਂ ਵਿਚ ਇਹ ਸ਼ਾਮਲ ਹਨ ਜਿਹੜੀਆਂ ਇਸ ਨੂੰ ਖ਼ਤਮ ਕਰ ਸਕਦੀਆਂ ਹਨ:<br>• ਤੁਹਾਡਾ ਨੁਮਾਇੰਦਾ ਅਤੇ ਕੋਈ ਹੋਰ ਬਦਲ ਹੁਣ ਉਪਲਬਧ ਨਹੀਂ ਹਨ ਜਾਂ ਕਾਰਜ ਕਰਨ ਲਈ ਯੋਗ ਨਹੀਂ ਹਨ<br>• ਤੁਹਾਡਾ ਵਿਆਹ ਜਾਂ ਵਿਆਹ ਵਰਗੇ ਸਬੰਧ ਖ਼ਤਮ ਹੋ ਗਏ ਹਨ ਅਤੇ ਤੁਹਾਡਾ ਨੁਮਾਇੰਦਾ ਤੁਹਾਡਾ ਸਪਾਉਸ ਹੈ, ਜੇ ਤੁਹਾਡਾ ਆਰ ਏ ਇਸ ਨੂੰ ਜਾਰੀ ਰੱਖਣ ਲਈ ਨਹੀਂ ਕਹਿੰਦਾ<br>• ਤੁਹਾਡੇ ਵਲੋਂ ਆਰ ਏ ਵਿਚ ਪਾਈ ਗਈ ਕੋਈ ਸ਼ਰਤ ਲਾਗੂ ਹੋ ਗਈ ਹੈ<br>• ਅਦਾਲਤ ਦਾ ਆਰਡਰ ਇਸ ਨੂੰ ਖ਼ਤਮ ਕਰਦਾ ਹੈ<br>ਤੁਹਾਡਾ ਆਰ ਏ ਮੁਅੱਤਲ ਕੀਤਾ ਜਾ ਸਕਦਾ ਹੈ ਅਤੇ ਤੁਹਾਡਾ ਨੁਮਾਇੰਦਾ ਕੰਮ ਨਹੀਂ ਕਰ ਸਕਦਾ ਜੇ:<br>• ਮੌਨੀਟਰ (ਨਿਰੀਖਕ) ਦੀ ਲੋੜ ਹੈ ਅਤੇ ਮੌਨੀਟਰ ਹੁਣ ਸਮਰੱਥ ਜਾਂ ਕੰਮ ਕਰਨ ਦਾ ਖਾਹਸ਼ਮੰਦ ਨਹੀਂ ਹੈ। ਜੇ ਤੁਹਾਡਾ ਆਰ ਏ ਕੋਈ ਬਦਲਵਾਂ ਮੌਨੀਟਰ ਨਾ ਦੇਵੇ ਤਾਂ ਪੀ ਜੀ ਟੀ ਇਕ ਨਿਯੁਕਤ ਕਰਨ ਦੇ ਯੋਗ ਹੋ ਸਕਦਾ ਹੈ ਤਾਂ ਨੁਮਾਇੰਦਗੀ ਜਾਰੀ ਰਹਿ ਸਕੇ।<br>• ਆਰ ਏ ਤੁਹਾਡੇ ਆਮ ਵਿੱਤੀ ਮਾਮਲਿਆਂ ਦੇ ਪ੍ਰਬੰਧ ਲਈ ਹੈ ਅਤੇ<br>• ਪੀ ਜੀ ਟੀ ਨੇ ਸਰਟੀਫਿਕੇਟ ਔਫ ਇਨਕੈਪੇਬਿਲਟੀ ਹੇਠ ਤੁਹਾਡੀ ਇਸਟੇਟ ਦੀ ਕਮੇਟੀ ਨਿਯੁਕਤ ਕੀਤੀ ਹੈ।<br>**ਸਾਵਧਾਨੀ:** ਨਵਾਂ ਆਰ ਏ ਬਣਾਉਣ ਨਾਲ ਪਹਿਲਾ ਆਰ ਏ ਆਪਣੇ ਆਪ ਹੀ ਰੱਦ ਨਹੀਂ ਹੋ ਜਾਂਦਾ। ਜੇ ਤੁਸੀਂ ਆਪਣਾ ਮੌਜੂਦਾ ਆਰ ਏ ਰੱਦ ਕਰਨ ਦਾ ਇਰਾਦਾ ਰੱਖਦੇ ਹੋਵੋ ਤਾਂ ਤੁਹਾਨੂੰ ਰੱਦ ਕਰਨ ਦੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। |
| ਕੀ ਕੋਈ ਆਰ ਏ ਬਦਲਿਆ ਜਾਂ ਰੱਦ ਕੀਤਾ ਜਾ ਸਕਦਾ ਹੈ? | ਜੇ ਤੁਸੀਂ ਸਮਰੱਥ ਹੋਵੋ ਤਾਂ ਤੁਸੀਂ ਆਪਣਾ ਆਰ ਏ ਬਦਲ ਜਾਂ ਰੱਦ ਕਰ ਸਕਦੇ ਹੋ। ਇਹ ਪੱਕਾ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਨੁਮਾਇੰਦਾ ਅਤੇ ਤੀਜੀਆਂ ਧਿਰਾਂ ਜਿਵੇਂ ਕਿ ਤੁਹਾਡੀ ਬੈਂਕ, ਨੂੰ ਤਬਦੀਲੀ ਜਾਂ ਰੱਦ ਕਰਨ ਬਾਰੇ ਸਹੀ ਤਰ੍ਹਾਂ ਸੂਚਿਤ ਕੀਤਾ ਗਿਆ ਹੈ। |

| | |
|---|---|
| ਆਰ ਏ ਕਿਵੇਂ ਬਣਾਇਆ ਜਾਂਦਾ ਹੈ? | ਆਰ ਏ ਦਾ ਲਿਖਤੀ ਰੂਪ ਵਿਚ ਹੋਣਾ ਜ਼ਰੂਰੀ ਹੈ ਅਤੇ ਇਹ ਪੱਕਾ ਕਰਨ ਦੀਆਂ ਕਾਨੂੰਨੀ ਮੰਗਾਂ ਹਨ ਕਿ ਇਸ ’ਤੇ ਸਹੀ ਤਰ੍ਹਾਂ ਦਸਖ਼ਤ ਹੋਏ ਹਨ ਅਤੇ ਗਵਾਹੀ ਪਈ ਹੈ। ਆਪਣੇ ਵਕੀਲ ਜਾਂ ਨੋਟਰੀ, ਜਾਂ ਕਮਿਊਨਟੀ ਲੀਗਲ ਕਲੀਨਿਕ ਤੋਂ ਕਾਨੂੰਨੀ ਸਲਾਹ ਲੈਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।<br><br>ਮਨਿਸਟਰੀ ਔਫ ਜਸਟਿਸ ਨੇ ਨੁਮਾਇੰਦਗੀ ਦੇ ਐਗਰੀਮੈਂਟ ਬਣਾਉਣ ਲਈ ਫਾਰਮ ਛਾਪੇ ਹਨ। ਉਹ ਤੁਹਾਡੇ ਹਾਲਾਤਾਂ ਜਾਂ ਲੋੜਾਂ ਨੂੰ ਕਵਰ ਕਰ ਸਕਦੇ ਹਨ ਜਾਂ ਨਹੀਂ ਕਰ ਸਕਦੇ ਹਨ। ਉਹ ਤੁਹਾਨੂੰ ਕੁਝ ਨਿਯਮਾਂ ਬਾਰੇ ਸਾਵਧਾਨ ਕਰਦੇ ਹਨ ਜਿਨ੍ਹਾਂ ਦੀ ਪਾਲਣਾ ਆਰ ਏ ਦੇ ਯੋਗ ਹੋਣ ਲਈ ਕੀਤੀ ਜਾਣੀ ਜ਼ਰੂਰੀ ਹੈ। ਤੁਸੀਂ ਇਸ ਗਾਈਡ ਦੇ ਅੰਤ ’ਤੇ ਮਦਦ ਕਰਨ ਵਾਲੇ ਲਿੰਕ ਭਾਗ ਵਿਚ ਲਿੰਕ ਦੇਖ ਸਕਦੇ ਹੋ।<br><br>ਜਿਨ੍ਹਾਂ ਨਿਯਮਾਂ ਬਾਰੇ ਸਾਵਧਾਨ ਹੋਣ ਦੀ ਲੋੜ ਹੈ, ਉਨ੍ਹਾਂ ਵਿੱਚੋਂ ਕੁਝ ਇਹ ਹਨ:<br>• ਤੁਹਾਡੇ ਲਈ ਗਵਾਹਾਂ ਦੇ ਸਾਹਮਣੇ ਦਸਖ਼ਤ ਕਰਨਾ ਜ਼ਰੂਰੀ ਹੈ<br>• ਜੇ ਤੁਸੀਂ ਦਸਖ਼ਤ ਨਾ ਕਰ ਸਕਦੇ ਹੋਵੋ ਤਾਂ ਤੁਸੀਂ ਕਿਸੇ ਹੋਰ ਨੂੰ ਆਪਣੀ ਤਰਫੋਂ ਦਸਖ਼ਤ ਕਰਨ ਲਈ ਕਹਿ ਸਕਦੇ ਹੋ<br>• ਜੇ ਗਵਾਹ ਬੀ ਸੀ ਦਾ ਕੋਈ ਵਕੀਲ ਜਾਂ ਨੋਟਰੀ ਨਹੀਂ ਹੈ ਤਾਂ ਦੋ ਗਵਾਹਾਂ ਨੂੰ ਦਸਖ਼ਤ ਕਰਨ ਦੀ ਲੋੜ ਹੈ<br>• ਤੁਹਾਡਾ ਨੁਮਾਇੰਦਾ ਗਵਾਹ ਨਹੀਂ ਬਣ ਸਕਦਾ ਅਤੇ ਗਵਾਹ ਨੁਮਾਇੰਦੇ ਦਾ ਸਪਾਉਸ, ਬੱਚਾ ਜਾਂ ਮਾਪਾ ਨਹੀਂ ਹੋ ਸਕਦਾ<br>• ਐਗਰੀਮੈਂਟ ਨੂੰ ਵਰਤਿਆ ਜਾ ਸਕਣ ਤੋਂ ਪਹਿਲਾਂ ਇਸ ’ਤੇ ਤੁਹਾਡੇ ਨੁਮਾਇਦੇ ਦੇ ਦਸਖ਼ਤ ਹੋਣੇ ਜ਼ਰੂਰੀ ਹਨ<br><br>**ਸਾਵਧਾਨੀ:** ਜੇ ਆਰ ਏ ਫਾਇਨੈਂਸ਼ਲ ਆਰ ਏ 7 ਜਾਂ ਨਿੱਜੀ/ਸਿਹਤ ਸੰਭਾਲ ਆਰ ਏ 7 ਹੈ ਤਾਂ ਹੋਰ ਸਰਟੀਫਿਕੇਟ ਹਨ ਜਿਨ੍ਹਾਂ ’ਤੇ ਦਸਖ਼ਤ ਕਰਨਾ ਜ਼ਰੂਰੀ ਹੈ। |
| ਕੀ ਵੱਖ ਵੱਖ ਨੁਮਾਇੰਦਿਆਂ ਨਾਲ ਇਕ ਨਾਲੋਂ ਜ਼ਿਆਦਾ ਆਰ ਏ ਬਣਾਏ ਜਾ ਸਕਦੇ ਹਨ? | ਹਾਂ, ਤੁਸੀਂ ਇਕ ਨਾਲੋਂ ਜ਼ਿਆਦਾ ਆਰ ਏ ਬਣਾਉਣਾ ਚਾਹੁੰਦੇ ਹੋ ਸਕਦੇ ਹੋ ਜੇ ਤੁਸੀਂ ਵਿੱਤੀ ਅਤੇ ਨਿੱਜੀ ਮਾਮਲਿਆਂ ਲਈ ਆਪਣੀਆਂ ਹਿਦਾਇਤਾਂ ਅਤੇ ਇੱਛਾਵਾਂ ਵੱਖ ਵੱਖ ਰੱਖਣਾ ਚਾਹੁੰਦੇ ਹੋਵੋ। ਜਾਂ, ਤੁਸੀਂ ਵੱਖ ਵੱਖ ਫੈਸਲੇ ਕਰਨ ਲਈ ਵੱਖ ਵੱਖ ਲੋਕਾਂ ਨੂੰ ਅਧਿਕਾਰ ਦੇਣਾ ਚਾਹੁੰਦੇ ਹੋ ਸਕਦੇ ਹੋ। ਉਦਾਹਰਣ ਲਈ, ਤੁਸੀਂ ਆਪਣੇ ਆਮ ਵਿੱਤੀ ਮਾਮਲਿਆਂ ਬਾਰੇ ਅਧਿਕਾਰ ਕਿਸੇ ਅਜਿਹੇ ਵਿਅਕਤੀ ਨੂੰ ਦੇਣਾ ਚਾਹੁੰਦੇ ਹੋ ਸਕਦੇ ਹੋ ਜੋ ਵਿੱਤੀ ਮਾਮਲਿਆਂ ਲਈ ਚੰਗਾ ਹੈ ਪਰ ਆਪਣੇ ਨਿੱਜੀ ਅਤੇ ਸਿਹਤ ਸੰਭਾਲ ਨਾਲ ਸੰਬੰਧਿਤ ਫੈਸਲੇ ਕਰਨ ਦਾ ਅਧਿਕਾਰ ਕਿਸੇ ਹੋਰ ਨੂੰ ਦੇ ਸਕਦੇ ਹੋ ਕਿਉਂਕਿ ਉਸ ਦਾ ਤੁਹਾਡੇ ਨਾਲ ਨੇੜੇ ਤੋਂ ਸੰਪਰਕ ਹੈ ਅਤੇ ਉਹ ਤੁਹਾਡੀਆਂ ਕਦਰਾਂ-ਕੀਮਤਾਂ ਅਤੇ ਇੱਛਾਵਾਂ ਜਾਣਦਾ ਹੈ।<br><br>**ਸਾਵਧਾਨੀ:** ਫੈਸਲੇ ਕਰਨ ਦੇ ਇਕ ਏਰੀਏ ਲਈ ਨਵਾਂ ਆਰ ਏ ਬਣਾਉਣ ਨਾਲ ਪਹਿਲਾ ਆਰ ਏ ਆਪਣੇ ਆਪ ਹੀ ਰੱਦ ਨਹੀਂ ਹੋ ਜਾਂਦਾ। ਤੁਹਾਨੂੰ ਰੱਦ ਕਰਨ ਦੇ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ। |
| ਮੌਨੀਟਰ ਕੀ ਹੈ? | ਮੌਨੀਟਰ ਇਕ ਅਜਿਹਾ ਵਿਅਕਤੀ ਹੈ ਜਿਹੜਾ ਆਰ ਏ ਵਿਚ ਨਿਯੁਕਤ ਕੀਤਾ ਜਾ ਸਕਦਾ ਹੈ ਅਤੇ ਜਿਸ ਕੋਲ ਇਹ ਦੇਖਣ ਲਈ ਨੁਮਾਇੰਦੇ ਦੀਆਂ ਸਰਗਰਮੀਆਂ ’ਤੇ ਵਿਚਾਰ ਕਰਨ ਦੀ ਤਾਕਤ ਹੈ ਕਿ ਕੀ ਨੁਮਾਇੰਦਾ ਆਪਣੇ ਫਰਜ਼ਾਂ ਦੀ ਪਾਲਣਾ ਕਰ ਰਿਹਾ ਹੈ। ਜੇ ਮੌਨੀਟਰ ਕੋਲ ਇਹ ਯਕੀਨ ਕਰਨ ਦਾ ਕਾਰਨ ਹੋਵੇ ਕਿ ਨੁਮਾਇੰਦਾ ਆਪਣੇ ਫਰਜ਼ ਪੂਰੇ ਨਹੀਂ ਕਰ ਰਿਹਾ ਅਤੇ ਇਸ ਦਾ ਹੱਲ ਨਹੀਂ ਕੀਤਾ ਜਾ ਸਕਦਾ ਤਾਂ ਮੌਨੀਟਰ ਤੋਂ ਪੀ ਜੀ ਟੀ ਨੂੰ ਜਾਣਕਾਰੀ ਦੇਣ ਦੀ ਉਮੀਦ ਰੱਖੀ ਜਾਂਦੀ ਹੈ। |

## ਨੁਮਾਇੰਦੇ ਦੀ ਚੋਣ ਕਰਨਾ

ਨੁਮਾਇੰਦੇ (ਮੁਖਤਾਰ) ਦੀ ਚੋਣ ਕਰਨਾ ਇਕ ਔਖਾ ਫੈਸਲਾ ਹੋ ਸਕਦਾ ਹੈ। ਤੁਹਾਨੂੰ ਆਰ ਏ ਬਣਾਉਣ ਦੀ ਲੋੜ ਨਹੀਂ ਹੈ ਜੇ ਇਹ ਤੁਹਾਡੇ ਲਈ ਠੀਕ ਨਹੀਂ ਹੈ। ਕੁਝ ਵਿਚਾਰਾਂ ਇਹ ਹਨ:

| | |
|---|---|
| ਕੌਣ ਨੁਮਾਇੰਦਾ ਹੋ ਸਕਦਾ ਹੈ? | ਤੁਸੀਂ ਆਪਣੇ ਭਰੋਸੇ ਵਾਲੇ ਕਿਸੇ ਵੀ ਬਾਲਗ (ਬੀ ਸੀ ਵਿਚ 19 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵਿਅਕਤੀ) ਨੂੰ ਨੁਮਾਇੰਦਾ ਬਣਾ ਸਕਦੇ ਹੋ। ਤੁਸੀਂ ਆਪਣੇ ਸਪਾਊਸ, ਪਰਿਵਾਰ ਦੇ ਮੈਂਬਰ ਜਾਂ ਨੇੜਲੇ ਦੋਸਤ ਦੀ ਚੋਣ ਕਰ ਸਕਦੇ ਹੋ।<br><br>ਇਹ ਜਾਣਨਾ ਜ਼ਰੂਰੀ ਹੈ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਨੁਮਾਇੰਦਾ ਨਹੀਂ ਬਣਾ ਸਕਦੇ ਜਿਸ ਨੂੰ ਤੁਹਾਡੀ ਨਿੱਜੀ ਸੰਭਾਲ ਜਾਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੈਸੇ ਮਿਲਦੇ ਹਨ। ਇਸ ਵਿਚ ਉਸ ਸਥਾਨ ’ਤੇ ਕੰਮ ਕਰਦੇ ਮੁਲਾਜ਼ਮ ਵੀ ਸ਼ਾਮਲ ਹਨ ਜਿੱਥੇ ਤੁਸੀਂ ਰਹਿੰਦੇ ਹੋ ਜਿਹੜਾ ਨਿੱਜੀ ਅਤੇ ਸਿਹਤ ਸੰਭਾਲ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਜੇ ਤੁਹਾਡੇ ਵਲੋਂ ਚੁਣਿਆ ਗਿਆ ਨੁਮਾਇੰਦਾ ਤੁਹਾਡਾ ਸਪਾਊਸ, ਬੱਚਾ ਜਾਂ ਮਾਪਾ ਹੈ ਤਾਂ ਇਸ ਵਿਚ ਛੋਟ ਹੈ।<br><br>ਇਹ ਫੈਸਲਾ ਕਰਨ ਵੇਲੇ ਕਿ ਕੌਣ ਤੁਹਾਡੇ ਲਈ ਚੰਗਾ ਨੁਮਾਇੰਦਾ ਹੋਵੇਗਾ, ਉਸ ਦੀ ਮੌਜੂਦ ਹੋਣ ਦੀ ਸਮਰੱਥਾ ਦੇ ਨਾਲ ਨਾਲ ਉਸ ਦੇ ਗਿਆਨ ਅਤੇ ਹੁਨਰਾਂ ’ਤੇ ਵੀ ਵਿਚਾਰ ਕਰੋ।<br><br>**ਸਾਵਧਾਨੀ:** ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਨੁਮਾਇੰਦੇ ਨਾਲ ਗੱਲ ਕਰੋ। ਤੁਹਾਡੇ ਵਲੋਂ ਦੱਸੇ ਗਏ ਨੁਮਾਇੰਦੇ ਲਈ ਇਸ ਰੋਲ ਨੂੰ ਪ੍ਰਵਾਨ ਕਰਨਾ ਜ਼ਰੂਰੀ ਨਹੀਂ ਹੈ ਅਤੇ ਇਸ ਤਰ੍ਹਾਂ ਦੀਆਂ ਸ਼ਰਤਾਂ ਹੋ ਸਕਦੀਆਂ ਹਨ ਜਿਹੜੀਆਂ ਤੁਹਾਡੇ ਆਰ ਏ ਵਿਚ ਸ਼ਾਮਲ ਕਰਨ ਦੀ ਲੋੜ ਹੋ ਸਕਦੀ ਹੈ। |
| ਫਰਜ਼ ਅਤੇ ਜ਼ਿੰਮੇਵਾਰੀਆਂ | ਕੀ ਉਹ ਵਿਅਕਤੀ ਉਨ੍ਹਾਂ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦਾ ਹੈ ਅਤੇ ਪੂਰੀਆਂ ਕਰਨ ਲਈ ਸਹਿਮਤ ਹੁੰਦਾ ਹੈ ਜਿਨ੍ਹਾਂ ਦੀ ਉਸ ਤੋਂ ਉਸ ਵੇਲੇ ਉਮੀਦ ਕੀਤੀ ਜਾਵੇਗੀ ਜਦੋਂ ਉਸ ਲਈ ਕਾਰਜ ਕਰਨੇ ਜ਼ਰੂਰੀ ਹੋਣਗੇ? ਇਨ੍ਹਾਂ ਫਰਜ਼ਾਂ ਵਿਚ ਸ਼ਾਮਲ ਹਨ:<br><br>• ਈਮਾਨਦਾਰੀ ਅਤੇ ਚੰਗੀ ਨੀਅਤ ਨਾਲ ਕੰਮ ਕਰਨਾ<br>• ਕਿਸੇ ਵਾਜਬ ਤੌਰ ’ਤੇ ਸਿਆਣੇ ਵਿਅਕਤੀ ਵਾਂਗ ਚੌਕਸੀ, ਹੁਨਰ ਅਤੇ ਉੱਦਮ ਦੀ ਵਰਤੋਂ ਕਰਨਾ<br>• ਸਿਰਫ ਉਹ ਫੈਸਲੇ ਕਰਨਾ ਜਿਹੜੇ ਕਰਨ ਦੀ ਨੁਮਾਇੰਦੇ ਨੂੰ ਆਗਿਆ ਹੈ<br>• ਤੁਹਾਡੀਆਂ ਮੌਜੂਦਾ ਇੱਛਾਵਾਂ ਦਾ ਪਤਾ ਲਾਉਣ ਲਈ ਤੁਹਾਡੇ ਨਾਲ ਸਲਾਹ ਕਰਨਾ<br>• ਕੀਤੇ ਗਏ ਫੈਸਲਿਆਂ ਅਤੇ ਉਨ੍ਹਾਂ ਨਾਲ ਸੰਬੰਧਿਤ ਜਾਣਕਾਰੀ ਦੇ ਰਿਕਾਰਡ ਰੱਖਣਾ |
| ਕਿੰਨੇ ਨੁਮਾਇੰਦੇ? | ਤੁਸੀਂ ਆਰ ਏ ਵਿਚ ਇਕ ਨਾਲੋਂ ਜ਼ਿਆਦਾ ਨੁਮਾਇੰਦੇ ਨਿਯੁਕਤ ਕਰ ਸਕਦੇ ਹੋ। ਜੇ ਤੁਹਾਡਾ ਆਰ ਏ ਕਿਸੇ ਹੋਰ ਤਰ੍ਹਾਂ ਨਹੀਂ ਕਹਿੰਦਾ ਜਾਂ ਉਨ੍ਹਾਂ ਦੇ ਵੱਖੋ ਵੱਖਰੇ ਅਧਿਕਾਰ ਖੇਤਰ ਨਹੀਂ ਹਨ ਤਾਂ ਉਨ੍ਹਾਂ ਲਈ ਰਲ ਕੇ ਕੰਮ ਕਰਨਾ ਜ਼ਰੂਰੀ ਹੈ। ਹਰ ਹਾਲਤ ਵੱਖਰੀ ਹੁੰਦੀ ਹੈ। ਇਹ ਫੈਸਲਾ ਕਰਨ ਦੀ ਚੋਣ ਤੁਹਾਡੀ ਹੈ ਕਿ ਤੁਹਾਡੇ ਲਈ ਖਤਰਿਆਂ ਨੂੰ ਘੱਟ ਤੋਂ ਘੱਟ ਕਰਦੇ ਹੋਏ, ਤੁਹਾਡੀਆਂ ਇੱਛਾਵਾਂ ਪੂਰੀਆਂ ਕਰਨ ਲਈ ਕਿਹੜੇ ਪ੍ਰਬੰਧ ਪ੍ਰੈਕਟੀਕਲ ਹਨ।<br><br>**ਸਾਵਧਾਨੀ:** ਜੇ ਤੁਸੀਂ ਆਰ ਏ ਵਿਚ ਦੋ ਜਾਂ ਜ਼ਿਆਦਾ ਨੁਮਾਇੰਦੇ ਨਿਯੁਕਤ ਕਰਦੇ ਹੋ ਅਤੇ ਇਕ ਕਿਸੇ ਵੀ ਕਾਰਨ ਕਰਕੇ ਕਾਰਜ ਕਰਨ ਦੇ ਹੁਣ ਯੋਗ ਨਹੀਂ ਹੈ ਤਾਂ ਦੂਜਾ ਨੁਮਾਇੰਦਾ ਕਾਰਜ ਕਰਨਾ ਜਾਰੀ ਨਹੀਂ ਰੱਖ ਸਕਦਾ ਜੇ ਆਰ ਏ ਕਿਸੇ ਹੋਰ ਤਰ੍ਹਾਂ ਨਾ ਕਹਿੰਦਾ ਹੋਵੇ। ਹੋ ਸਕਦਾ ਤੁਸੀਂ ਅਜਿਹਾ ਚਾਹੁੰਦੇ ਹੋਵੋ ਜਾਂ ਨਾ ਚਾਹੁੰਦੇ ਹੋਵੋ। ਜੇ ਤੁਸੀਂ ਚਾਹੁੰਦੇ ਹੋ ਕਿ ਇਕ ਨੁਮਾਇੰਦਾ ਕਾਰਜ ਕਰਨਾ ਜਾਰੀ ਰੱਖਣ ਦੇ ਯੋਗ ਹੋਵੇ ਤਾਂ ਤੁਹਾਡੇ ਆਰ ਏ ਵਿਚ ਇਸ ਬਾਰੇ ਜ਼ਰੂਰ ਕਿਹਾ ਗਿਆ ਹੋਣਾ ਚਾਹੀਦਾ ਹੈ। |
| ਕੀ ਮੈਂ ਕੋਈ ਬਦਲਵਾਂ ਨੁਮਾਇੰਦਾ ਬਣਾ ਸਕਦਾ/ਸਕਦੀ ਹਾਂ? | ਸਦਾ ਇਹ ਸੰਭਾਵਨਾ ਹੈ ਕਿ ਕੋਈ ਨੁਮਾਇੰਦਾ ਸ਼ਾਇਦ ਕੰਮ ਕਰਨ ਦੇ ਯੋਗ ਨਾ ਰਹੇ ਜਾਂ ਅਸਤੀਫਾ ਦੇਣਾ ਚਾਹੁੰਦਾ ਹੋਵੇ। ਜੇ ਕੋਈ ਹੋਰ ਹੈ ਜਿਸ ’ਤੇ ਤੁਸੀਂ ਜ਼ਿੰਮੇਵਾਰੀ ਸੰਭਾਲਣ ਲਈ ਭਰੋਸਾ ਕਰਦੇ ਹੋਵੋ ਤਾਂ ਤੁਸੀਂ ਉਸ ਵਿਅਕਤੀ ਦਾ ਆਪਣੇ ਆਰ ਏ ਹੇਠ ਇਕ ਬਦਲ ਵਜੋਂ ਨਾਂ ਦੇਣਾ ਚਾਹੁੰਦੇ ਹੋ ਸਕਦੇ ਹੋ। ਤੁਹਾਡੇ ਆਰ ਏ ਲਈ ਉਹ ਹਾਲਾਤ ਦੱਸਣੇ ਜ਼ਰੂਰੀ ਹਨ ਜਦੋਂ ਤੁਹਾਡਾ ਬਦਲ ਕਾਰਜ ਕਰਨਾ ਸ਼ੁਰੂ ਕਰ ਸਕਦਾ ਹੋਵੇ। |

# ਡੀ. ਵਿੱਤੀ ਮਾਮਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ (ਫਾਇਨੈਂਸ਼ਲ ਆਰ ਏ 7)

ਵਿੱਤੀ ਮਾਮਲਿਆਂ ਦੇ ਨਿੱਤ ਦੇ ਪ੍ਰਬੰਧ ਲਈ ਬਣਾਇਆ ਗਿਆ ਨੁਮਾਇੰਦਗੀ ਦਾ ਐਗਰੀਮੈਂਟ, ਇਕ ਅਜਿਹਾ ਨੁਮਾਇੰਦਗੀ ਦਾ ਐਗਰੀਮੈਂਟ ਹੈ ਜਿਹੜਾ ਇਜਾਜ਼ਤ ਵਾਲੀਆਂ ਸਰਗਰਮੀਆਂ ਦੀ ਲਿਸਟ ਤੱਕ ਹੀ ਸੀਮਤ ਹੁੰਦਾ ਹੈ ਅਤੇ ਉਸ 'ਤੇ ਉਹ ਹਰ ਸ਼ਰਤ ਲਾਗੂ ਹੁੰਦੀ ਹੈ ਜਿਹੜੀ ਤੁਸੀਂ ਇਸ ਵਿਚ ਪਾ ਸਕਦੇ ਹੋ। ਇਸ ਨੂੰ ਚਲਾਉਣ ਵਾਲਾ ਕਾਨੂੰਨ *ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ* ਹੈ ਅਤੇ ਨਿਯਮਾਂ ਦਾ ਸੈਕਸ਼ਨ 7 ਨਿਯਮ ਤਹਿ ਕਰਦਾ ਹੈ। ਇਸ ਕਰਕੇ ਹੀ ਕੁਝ ਲੋਕ ਇਸ ਕਿਸਮ ਦੇ ਆਰ ਏ ਨੂੰ ਸੈਕਸ਼ਨ 7 ਆਰ ਏ ਜਾਂ ਆਰ ਏ 7 ਕਹਿੰਦੇ ਹਨ। ਕਦੇ ਕਦੇ ਇਸ ਨੂੰ ਸਾਧਾਰਣ ਤਾਕਤਾਂ ਵਾਲਾ ਆਰ ਏ ਵੀ ਆਖਿਆ ਜਾਂਦਾ ਹੈ।

ਤੁਹਾਡੇ ਵਿੱਤੀ ਮਾਮਲਿਆਂ ਦੀ ਸੰਭਾਲ ਬਾਰੇ ਫੈਸਲੇ ਕਰਨ ਦਾ ਇਕ ਮਹੱਤਵਪੂਰਨ ਖੇਤਰ ਹੈ। ਇਸ ਕਰਕੇ, ਉੱਪਰ ਦੱਸੇ ਗਏ ਨਿਯਮਾਂ ਤੋਂ ਇਲਾਵਾ, ਇਸ ਚੀਜ਼ ਬਾਰੇ ਕੁਝ ਖਾਸ ਨਿਯਮ ਵੀ ਹਨ ਕਿ ਵਿੱਤੀ ਆਰ ਏ 7 ਕਿਵੇਂ ਬਣਾਇਆ ਜਾਣਾ ਹੈ ਅਤੇ ਤੁਹਾਡੇ ਨੁਮਾਇੰਦੇ ਲਈ ਆਪਣੇ ਫਰਜ਼ ਕਿਵੇਂ ਪੂਰੇ ਕਰਨਾ ਜ਼ਰੂਰੀ ਹੈ। ਇਹ ਭਾਗ ਇਨ੍ਹਾਂ ਨਿਯਮਾਂ 'ਤੇ ਰੌਸ਼ਨੀ ਪਾਉਂਦਾ ਹੈ।

| ਸੰਖੇਪ – ਵਿੱਤੀ ਮਾਮਲਿਆਂ ਦੇ ਨਿੱਤ ਦੇ ਪ੍ਰਬੰਧ ਲਈ ਨੁਮਾਇੰਦਗੀ ਦਾ ਐਗਰੀਮੈਂਟ (ਫਾਇਨੈਂਸ਼ਲ ਆਰ ਏ 7) | |
|---|---|
| ਕੋਈ ਬਾਲਗ ਫਾਇਨੈਂਸ਼ਲ ਆਰ ਏ 7 ਕਿਉਂ ਬਣਾਉਂਦਾ ਹੈ? | • ਜੇ ਤੁਹਾਨੂੰ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਵਿਚ ਮੁਸ਼ਕਲ ਆ ਰਹੀ ਹੈ ਅਤੇ ਤੁਸੀਂ ਇੰਡੂਅਰਿੰਗ ਪੌਵਰ ਔਫ ਅਟਾਰਨੀ ਬਣਾਉਣ ਦੇ ਯੋਗ ਨਹੀਂ ਹੋ ਤਾਂ ਤੁਸੀਂ ਅਜੇ ਵੀ ਫਾਇਨੈਂਸ਼ਲ ਆਰ ਏ 7 ਬਣਾਉਣ ਦੇ ਯੋਗ ਹੋ ਸਕਦੇ ਹੋ।<br>• ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਨੁਮਾਇੰਦਾ ਵਿੱਤੀ ਅਤੇ ਤੁਹਾਡੇ ਨਿੱਜੀ ਅਤੇ ਸਿਹਤ ਸੰਭਾਲ ਦੇ ਦੋਨੋਂ ਫੈਸਲੇ ਕਰੇ ਅਤੇ ਤੁਸੀਂ ਸਿਰਫ ਇਕ ਪੇਪਰ (ਡਾਕੂਮੈਂਟ) ਬਣਾਉਣਾ ਚਾਹੁੰਦੇ ਹੋ ਤਾਂ ਤੁਸੀਂ ਨਿੱਜੀ ਅਤੇ ਸਿਹਤ ਸੰਭਾਲ ਦੇ ਆਪਣੇ ਆਰ ਏ ਦੇ ਨਾਲ ਵਿੱਤੀ ਮਾਮਲਿਆਂ ਦੇ ਨਿੱਤ ਦੇ ਪ੍ਰਬੰਧ ਲਈ ਤਾਕਤਾਂ ਵੀ ਸ਼ਾਮਲ ਕਰਨਾ ਚਾਹੁੰਦੇ ਹੋ ਸਕਦੇ ਹੋ। |
| ਫਾਇਨੈਂਸ਼ਲ ਆਰ ਏ 7 ਕੌਣ ਬਣਾ ਸਕਦਾ ਹੈ? | ਜੇ ਸਮਰੱਥ ਹੋਵੇ ਤਾਂ ਕੋਈ ਬਾਲਗ (ਬੀ ਸੀ ਵਿਚ 19 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵਿਅਕਤੀ) ਸਾਧਾਰਣ ਸ਼ਰਤਾਂ ਨਾਲ ਆਰ ਏ ਬਣਾ ਸਕਦਾ ਹੈ। *ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ* ਕਹਿੰਦਾ ਹੈ ਕਿ ਇਹ ਫੈਸਲਾ ਕਰਨ ਲਈ ਕਿ ਕੀ ਕੋਈ ਆਰ ਏ 7 ਬਣਾਉਣ ਦੇ ਸਮਰੱਥ ਹੈ, ਸਾਰੇ ਢੁਕਵੇਂ ਪੱਖ ਵਿਚਾਰੇ ਜਾਣੇ ਚਾਹੀਦੇ ਹਨ ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹਨ:<br>• ਬਾਲਗ ਇਹ ਇੱਛਾ ਪ੍ਰਗਟ ਕਰਦਾ ਹੈ ਕਿ ਨੁਮਾਇੰਦਾ ਫੈਸਲੇ ਕਰੇ<br>• ਬਾਲਗ ਚੋਣਾਂ ਅਤੇ ਤਰਜੀਹਾਂ ਦਾ ਵਿਖਾਵਾ ਕਰਦਾ ਹੈ ਅਤੇ ਹੋਰਨਾਂ ਨੂੰ ਮਨਜ਼ੂਰੀ ਜਾਂ ਨਾਮਨਜ਼ੂਰੀ ਦੀਆਂ ਭਾਵਨਾਵਾਂ ਜ਼ਾਹਰ ਕਰਦਾ ਹੈ<br>• ਬਾਲਗ ਇਸ ਗੱਲ ਤੋਂ ਜਾਣੂ ਹੈ ਕਿ ਆਰ ਏ ਦਾ ਮਤਲਬ ਹੈ ਕਿ ਨੁਮਾਇੰਦਾ ਅਜਿਹੇ ਫੈਸਲੇ ਜਾਂ ਚੋਣਾਂ ਕਰ ਸਕਦਾ ਹੈ ਜਿਹੜੇ ਬਾਲਗ 'ਤੇ ਅਸਰ ਪਾਉਂਦੇ ਹਨ<br>• ਬਾਲਗ ਦਾ ਨੁਮਾਇੰਦੇ ਨਾਲ ਸੰਬੰਧ ਹੈ ਜਿਸ ਦੀ ਵਿਸ਼ੇਸ਼ਤਾ ਭਰੋਸਾ ਹੈ |

| | |
|---|---|
| ਫਾਇਨੈਂਸ਼ਲ ਆਰ ਏ 7 ਕੀ ਕਵਰ ਕਰਦਾ ਹੈ? | "ਨਿੱਤ ਦੇ" ਵਿੱਤੀ ਪ੍ਰਬੰਧ ਦੀਆਂ ਕੁਝ ਉਦਾਹਰਣਾਂ ਵਿਚ ਇਹ ਸ਼ਾਮਲ ਹਨ:<br>• ਬਿੱਲ ਦੇਣਾ<br>• ਆਮਦਨ ਅਤੇ ਪੈਨਸ਼ਨਾਂ ਲੈਣਾ ਅਤੇ ਜਮ੍ਹਾਂ ਕਰਾਉਣਾ<br>• ਤੁਹਾਡੀ ਨਿੱਜੀ ਸੰਭਾਲ ਲਈ ਖਾਣੇ, ਰਿਹਾਇਸ਼ ਅਤੇ ਹੋਰ ਸੇਵਾਵਾਂ ਖਰੀਦਣਾ<br>• *ਟਰੱਸਟੀ ਐਕਟ* ਮੁਤਾਬਕ ਇਨਵੈਸਟਮੈਂਟਾਂ ਕਰਨਾ<br>• ਬੈਂਕ ਅਕਾਊਂਟ ਖੋਲ੍ਹਣਾ<br>• ਆਰ ਆਰ ਐੱਸ ਪੀ ਲੈਣਾ ਅਤੇ ਯੋਗਦਾਨ ਪਾਉਣਾ<br>• ਆਰ ਆਰ ਐੱਸ ਪੀ ਨੂੰ ਆਰ ਆਰ ਆਈ ਐੱਫ ਜਾਂ ਆਮਦਨ ਵਿਚ ਬਦਲਣਾ<br>• ਉਨ੍ਹਾਂ ਬੈਨੇਫਿਟਾਂ ਲਈ ਅਪਲਾਈ ਕਰਨਾ ਜਿਨ੍ਹਾਂ ਲਈ ਤੁਸੀਂ ਹੱਕਦਾਰ ਹੋ<br>• ਤੁਹਾਡੇ ਲੋਨ ਦੀਆਂ ਕਿਸ਼ਤਾਂ ਦੇਣਾ<br>• ਤੁਹਾਡੇ ਘਰ ਜਾਂ ਗੱਡੀ ਲਈ ਇਨਸ਼ੋਰੈਂਸ ਖਰੀਦਣਾ<br>• ਦਾਨ ਦੇਣਾ (ਸੀਮਾਵਾਂ ਲਾਗੂ ਹੁੰਦੀਆਂ ਹਨ)<br>• ਇਨਕਮ ਟੈਕਸ ਰੀਟਰਨਾਂ ਤਿਆਰ ਕਰਨਾ ਅਤੇ ਦਰਜ ਕਰਵਾਉਣਾ<br>• ਕਾਨੂੰਨੀ ਸੇਵਾਵਾਂ ਲੈਣਾ ਅਤੇ ਕਾਰਵਾਈ ਸ਼ੁਰੂ ਕਰਨ ਜਾਂ ਜਾਰੀ ਰੱਖਣ ਲਈ ਕੌਂਸਲ ਨੂੰ ਹਿਦਾਇਤਾਂ ਦੇਣਾ (ਤਲਾਕ ਦੇ ਇਲਾਵਾ), ਕਾਨੂੰਨੀ ਕਾਰਵਾਈਆਂ ਦਾ ਨਿਪਟਾਰਾ ਕਰਨਾ ਜਾਂ ਸਫ਼ਾਈ ਦੇਣਾ<br>*ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ* ਵਿਚਲੇ ਨਿਯਮ ਜ਼ਿਆਦਾ ਵਿਸਥਾਰ ਵਿਚ ਲਿਸਟ ਦਿੰਦੇ ਹਨ। |
| ਫਾਇਨੈਂਸ਼ਲ ਆਰ ਏ 7 ਕੀ ਕਵਰ ਨਹੀਂ ਕਰਦਾ? | ਫਾਇਨੈਂਸ਼ਲ ਆਰ ਏ 7 ਹੇਠਲੇ ਕਿਸੇ ਨੁਮਾਇੰਦੇ ਨੂੰ ਇਹ ਕਰਨ ਦੀ ਆਗਿਆ ਨਹੀਂ ਹੈ:<br>• ਕਰੈਡਿਟ ਕਾਰਡ ਜਾਂ ਲਾਈਨ ਔਫ ਕਰੈਡਿਟ ਵਰਤਣ ਜਾਂ ਨਵਿਆਉਣ ਦੀ<br>• ਤੁਹਾਡੇ ਘਰ 'ਤੇ ਮੌਰਗੇਜ ਲੈਣ ਦੀ<br>• ਤੁਹਾਡੇ ਲਈ ਜਾਇਦਾਦ ਖਰੀਦਣ ਜਾਂ ਵੇਚਣ ਦੀ<br>• ਲੋਨ ਦੀ ਗਾਰੰਟੀ ਦੇਣ ਦੀ<br>• ਤੁਹਾਡੀ ਨਿੱਜੀ ਸੰਪਤੀ ਉਧਾਰ ਦੇਣ ਜਾਂ ਕਿਸੇ ਨੂੰ ਦੇਣ ਦੀ<br>• ਲਾਭ-ਪਾਤਰ ਰੱਦ ਕਰਨ ਜਾਂ ਇਸ ਵਿਚ ਸੋਧ ਕਰਨ ਦੀ<br>• ਤੁਹਾਡੀ ਤਰਫੋਂ ਕਿਸੇ ਕੰਪਨੀ ਦੇ ਡਾਇਰੈਕਟਰ ਵਜੋਂ ਕਾਰਜ ਕਰਨ ਦੀ |
| ਫਾਇਨੈਂਸ਼ਲ ਆਰ ਏ 7 ਕਿਵੇਂ ਬਣਾਇਆ ਜਾਂਦਾ ਹੈ? | ਆਰ ਏ ਬਣਾਉਣ ਬਾਰੇ ਆਮ ਜਾਣਕਾਰੀ ਦੇਖੋ<br>**ਸਾਵਧਾਨੀ:** ਆਰ ਏ ਬਣਾਉਣ ਲਈ ਆਮ ਸ਼ਰਤਾਂ ਤੋਂ ਇਲਾਵਾ, ਫਾਇਨੈਂਸ਼ਲ ਆਰ ਏ 7 ਨੁਮਾਇੰਦੇ ਅਤੇ ਗਵਾਹਾਂ ਤੋਂ ਦੱਸੇ ਗਏ ਸਰਟੀਫਿਕੇਟਾਂ 'ਤੇ ਦਸਖਤਾਂ ਦੀ ਮੰਗ ਕਰਦਾ ਹੈ। |
| ਕੀ ਮੌਨੀਟਰ ਦੀ ਲੋੜ ਹੈ? | ਤੁਹਾਡੇ ਲਈ ਮੌਨੀਟਰ ਨਿਯੁਕਤ ਕਰਨਾ ਜ਼ਰੂਰੀ ਹੈ ਜੇ ਤੁਸੀਂ ਦੋ ਨੁਮਾਇੰਦੇ ਨਿਯੁਕਤ ਨਹੀਂ ਕੀਤੇ ਹੋਏ ਹਨ ਜਿਨ੍ਹਾਂ ਲਈ ਰਲ ਕੇ ਕੰਮ ਕਰਨਾ ਜ਼ਰੂਰੀ ਹੈ ਜਾਂ ਜੇ ਤੁਹਾਡਾ ਨੁਮਾਇੰਦਾ ਤੁਹਾਡਾ ਸਪਾਉਸ, ਕੋਈ ਟਰੱਸਟ ਕੰਪਨੀ, ਕਰੈਡਿਟ ਯੂਨੀਅਨ ਜਾਂ ਪੀ ਜੀ ਟੀ ਨਹੀਂ ਹੈ। |

## ਫਾਇਨੈਂਸ਼ਲ ਆਰ ਏ 7 ਲਈ ਨੁਮਾਇੰਦੇ ਦੀ ਚੋਣ ਕਰਨਾ

ਨੁਮਾਇੰਦੇ ਦੀ ਚੋਣ ਕਰਨਾ ਇਕ ਔਖਾ ਫੈਸਲਾ ਹੋ ਸਕਦਾ ਹੈ। ਤੁਹਾਨੂੰ ਆਰ ਏ 7 ਬਣਾਉਣ ਦੀ ਲੋੜ ਨਹੀਂ ਹੈ ਜੇ ਇਹ ਤੁਹਾਡੇ ਲਈ ਠੀਕ ਨਹੀਂ ਹੈ। ਕੁਝ ਵਿਚਾਰਾਂ ਇਹ ਹਨ:

### ਕੌਣ ਨੁਮਾਇੰਦਾ ਹੋ ਸਕਦਾ ਹੈ?

ਇਸ ਚੀਜ਼ ਬਾਰੇ ਆਮ ਜਾਣਕਾਰੀ ਦੇਖੋ ਕਿ ਕੌਣ ਨੁਮਾਇੰਦਾ ਹੋ ਸਕਦਾ ਹੈ। ਫਾਇਨੈਂਸ਼ਲ ਆਰ ਏ 7 ਲਈ ਕਿਸੇ ਦੀ ਚੋਣ ਕਰਨ ਵੇਲੇ, ਕਿਸੇ ਅਜਿਹੇ ਵਿਅਕਤੀ ਦੀ ਚੋਣ ਕਰਨਾ ਮਹੱਤਵਪੂਰਨ ਹੈ ਜਿਸ ਕੋਲ ਤੁਹਾਡੇ ਵਿੱਤੀ ਮਾਮਲਿਆਂ ਨੂੰ ਸਾਂਭਣ ਦੇ ਹੁਨਰ ਅਤੇ ਯੋਗਤਾਵਾਂ ਹੋਣ। ਤੁਸੀਂ ਸ਼ਾਮਲ ਚੀਜ਼ਾਂ ਬਾਰੇ ਗੱਲਬਾਤ ਕਰਨਾ ਚਾਹੁੰਦੇ ਹੋ ਸਕਦੇ ਹੋ ਤਾਂ ਜੋ ਨੁਮਾਇੰਦਾ ਇਹ ਪੱਕਾ ਕਰ ਸਕੇ ਕਿ ਕੀ ਉਹ ਜ਼ਿੰਮੇਵਾਰੀਆਂ ਚੁੱਕਣ ਲਈ ਆਰਾਮਦੇਹ ਹੈ।

### ਫਰਜ਼ ਅਤੇ ਜ਼ਿੰਮੇਵਾਰੀਆਂ:

ਆਮ ਜਾਣਕਾਰੀ ਵਿਚ ਦੱਸੇ ਗਏ ਫਰਜ਼ਾਂ ਤੋਂ ਇਲਾਵਾ, ਤੁਹਾਡੇ ਨੁਮਾਇੰਦੇ ਲਈ ਉਸ ਹੱਦ ਤੱਕ ਤੁਹਾਡੇ ਨਾਲ ਸਲਾਹ-ਮਸ਼ਵਰਾ ਕਰਨਾ ਜ਼ਰੂਰੀ ਹੈ ਜਿਹੜਾ ਤੁਹਾਡੀਆਂ ਇੱਛਾਵਾਂ ਦਾ ਪਤਾ ਲਾਉਣ ਲਈ ਵਾਜਬ ਹੋਵੇ ਅਤੇ ਉਨ੍ਹਾਂ ਇੱਛਾਵਾਂ ਦੀ ਪਾਲਣਾ ਕਰੇ ਜੇ ਅਜਿਹਾ ਕਰਨਾ ਵਾਜਬ ਹੋਵੇ।

### ਕਿਹੜੇ ਰਿਕਾਰਡ ਰੱਖੇ ਜਾਣੇ ਜ਼ਰੂਰੀ ਹਨ?

ਰਿਕਾਰਡਾਂ ਵਿਚ ਸ਼ਾਮਲ ਹਨ:

- ਤੁਹਾਡੀ ਸੰਪਤੀ (ਐਸਿਟਸ) ਅਤੇ ਦੇਣਦਾਰੀਆਂ ਦੀ ਤਾਜ਼ਾ ਲਿਸਟ
- ਅਕਾਊਂਟ ਅਤੇ ਹੋਰ ਰਿਕਾਰਡ
- ਇਨਵੌਆਇਸਾਂ, ਬੈਂਕ ਸਟੇਟਮੈਂਟਾਂ ਅਤੇ ਟੈਕਸ ਰੀਟਰਨਾਂ ਜਿਨ੍ਹਾਂ ਦੀਆਂ ਰਸੀਦਾਂ ਅਤੇ ਅਦਾਇਗੀਆਂ ਦੀ ਪੂਰੀ ਅਕਾਊਂਟਿੰਗ ਕਰਨ ਲਈ ਲੋੜ ਹੈ

### ਆਪਣੇ ਨੁਮਾਇੰਦੇ ਜਾਂ ਮੌਨੀਟਰ ਨਾਲ ਵਿਚਾਰੀਆਂ ਜਾਣ ਵਾਲੀਆਂ ਚੀਜ਼ਾਂ

ਜੇ ਤੁਸੀਂ ਨੁਮਾਇੰਦਾ ਅਤੇ ਮੌਨੀਟਰ ਬਣਾ ਰਹੇ ਹੋ ਤਾਂ ਇਹ ਜ਼ਰੂਰੀ ਹੈ ਕਿ ਉਹ ਆਪਣੇ ਰੋਲਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ ਅਤੇ ਇਹ ਚੁੱਕਣ ਲਈ ਖਾਹਸ਼ਮੰਦ ਹਨ।

ਜੇ ਤੁਸੀਂ ਦੋ ਨੁਮਾਇੰਦੇ ਬਣਾਏ ਹਨ ਜਿਨ੍ਹਾਂ ਲਈ ਰਲ ਕੇ ਕੰਮ ਕਰਨਾ ਜ਼ਰੂਰੀ ਹੈ ਤਾਂ ਇਹ ਵੀ ਜ਼ਰੂਰੀ ਹੈ ਕਿ ਉਹ ਇਹ ਸਮਝਦੇ ਹਨ ਕਿ ਉਨ੍ਹਾਂ ਲਈ ਰਲ ਕੇ ਕੰਮ ਕਰਨਾ ਜ਼ਰੂਰੀ ਹੈ ਅਤੇ ਉਹ ਅਜਿਹਾ ਕਰਨ ਲਈ ਸਹਿਮਤ ਹਨ।

ਕਿਸੇ ਵੀ ਕੇਸ ਵਿਚ, ਤੁਸੀਂ ਆਪਣੀਆਂ ਇੱਛਾਵਾਂ ਬਾਰੇ ਆਪਣੇ ਨੁਮਾਇੰਦੇ ਅਤੇ ਮੌਨੀਟਰ ਨਾਲ ਗੱਲ ਕਰਨਾ ਚਾਹੁੰਦੇ ਹੋ ਸਕਦੇ ਹੋ ਤਾਂ ਜੋ ਜੇ ਉਹ ਤੁਹਾਡੇ ਨਾਲ ਸਲਾਹ ਨਾ ਕਰ ਸਕਣ ਤਾਂ ਉਨ੍ਹਾਂ ਨੂੰ ਪਤਾ ਹੋਵੇ ਕਿ ਤੁਸੀਂ ਕੀ ਚਾਹੋਗੇ।

## ਫਾਇਨੈਂਸ਼ਲ ਆਰ ਏ 7 ਲਈ ਹੋਰ ਵਿਚਾਰਾਂ

### ਕੀ ਨੁਮਾਇੰਦੇ ਜਾਂ ਮੌਨੀਟਰ ਨੂੰ ਪੈਸੇ ਦਿੱਤੇ ਜਾ ਸਕਦੇ ਹਨ?

ਨੁਮਾਇੰਦਿਆਂ ਅਤੇ ਮੌਨੀਟਰਾਂ ਨੂੰ ਓਨਾ ਚਿਰ ਪੈਸੇ ਨਹੀਂ ਦਿੱਤੇ ਜਾ ਸਕਦੇ ਜੇ:

- ਫਾਇਨੈਂਸ਼ਲ ਆਰ ਏ 7 ਸਪਸ਼ਟ ਤੌਰ 'ਤੇ ਇਹ ਨਹੀਂ ਕਹਿੰਦਾ ਕਿ ਉਨ੍ਹਾਂ ਨੂੰ ਪੈਸੇ ਦਿੱਤੇ ਜਾ ਸਕਦੇ ਹਨ; ਅਤੇ
- ਅਦਾਲਤ ਪੈਸੇ ਦੇਣ ਬਾਰੇ ਨਹੀਂ ਕਹਿੰਦੀ

ਪਰ, ਫਾਇਨੈਂਸ਼ਲ ਆਰ ਏ 7 ਵਿਚਲਾ ਨੁਮਾਇੰਦਾ ਅਤੇ ਮੌਨੀਟਰ ਵਾਜਬ ਖਰਚੇ ਵਾਪਸ ਲੈਣ ਦੇ ਹੱਕਦਾਰ ਹਨ।

### ਕੀ ਨੁਮਾਇੰਦਾ ਤੋਹਫੇ ਜਾਂ ਦਾਨ ਦੇ ਸਕਦਾ ਹੈ?

ਫਾਇਨੈਂਸ਼ਲ ਆਰ ਏ 7 ਹੇਠ ਕੋਈ ਨੁਮਾਇੰਦਾ ਤੁਹਾਡੀ ਨਿੱਜੀ ਪ੍ਰਾਪਰਟੀ ਵਿੱਚੋਂ ਤੋਹਫੇ ਨਹੀਂ ਦੇ ਸਕਦਾ।

ਰਜਿਸਟਰਸ਼ੁਦਾ ਚੈਰਿਟੀਜ਼ ਨੂੰ ਅੱਗੇ ਲਿਖੀਆਂ ਹਾਲਤਾਂ ਵਿਚ ਦਾਨ ਦੇਣ ਦੀ ਆਗਿਆ ਹੈ:

- ਦਾਨ ਤੁਹਾਡੇ ਪਿਛਲੇ ਦਾਨਾਂ ਅਤੇ ਤੁਹਾਡੇ ਵਿੱਤੀ ਸਾਧਨਾਂ ਮੁਤਾਬਕ ਹੈ; ਅਤੇ
- ਕਿਸੇ ਸਾਲ ਵਿਚ ਦਾਨ ਦਿੱਤੇ ਗਏ ਕੁੱਲ ਪੈਸੇ ਤੁਹਾਡੀ ਟੈਕਸ ਦੇਣ ਯੋਗ ਆਮਦਨ ਦੇ 3 ਪ੍ਰਤੀਸ਼ਤ ਤੋਂ ਨਹੀਂ ਵਧਦੀ

# ਈ. ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ (ਨਿੱਜੀ/ਸਿਹਤ ਸੰਭਾਲ ਆਰ ਏ 9)

ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ, ਜਿਹੜਾ ਉਸ ਵੇਲੇ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਨਾਲ ਵਰਤਦਾ ਹੈ ਜਦੋਂ ਤੁਸੀਂ ਆਪ ਫੈਸਲੇ ਕਰਨ ਦੇ ਸਮਰੱਥ ਨਹੀਂ ਹੁੰਦੇ। ਤੁਸੀਂ ਆਰ ਏ ਬਣਾ ਸਕਦੇ ਹੋ ਜਿਹੜਾ ਸਾਰੇ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਨੂੰ ਕਵਰ ਕਰਦਾ ਹੈ, ਜਿਸ ਵਿਚ ਜ਼ਿੰਦਗੀ ਬਚਾਉਣ ਵਾਲੇ ਇਲਾਜ ਤੋਂ ਨਾਂਹ ਕਰਨਾ ਵੀ ਸ਼ਾਮਲ ਹੈ (ਨਿੱਜੀ/ਸਿਹਤ ਸੰਭਾਲ ਆਰ ਏ 9)। ਇਸ ਨੂੰ ਚਲਾਉਣ ਵਾਲਾ *ਕਾਨੂੰਨ ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ* ਹੈ ਅਤੇ ਨਿਯਮਾਂ ਦਾ ਸੈਕਸ਼ਨ 9 ਨਿਯਮ ਤਹਿ ਕਰਦਾ ਹੈ। ਇਸ ਕਰਕੇ ਹੀ ਕੁਝ ਲੋਕ ਇਸ ਕਿਸਮ ਦੇ ਆਰ ਏ ਨੂੰ ਸੈਕਸ਼ਨ 9 ਆਰ ਏ ਜਾਂ ਆਰ ਏ 9 ਕਹਿੰਦੇ ਹਨ। ਕਦੇ ਕਦੇ ਨਿੱਜੀ/ਸਿਹਤ ਸੰਭਾਲ ਆਰ ਏ 9 ਨੂੰ ਗੈਰ ਆਮ ਤਾਕਤਾਂ ਵਾਲਾ ਆਰ ਏ ਵੀ ਆਖਿਆ ਜਾਂਦਾ ਹੈ। ਤੁਸੀਂ ਅਜਿਹਾ ਆਰ ਏ ਬਣਾ ਸਕਦੇ ਹੋ ਜਿਹੜਾ ਨਿੱਜੀ ਸੰਭਾਲ, ਅਤੇ ਇਲਾਜ ਦੇ ਵੱਡੇ ਅਤੇ ਛੋਟੇ ਫੈਸਲਿਆਂ ਤੱਕ ਸੀਮਤ ਹੁੰਦਾ ਹੈ (ਨਿੱਜੀ/ਸਿਹਤ ਸੰਭਾਲ ਆਰ ਏ 7)। ਕਦੇ ਕਦੇ ਨਿੱਜੀ/ਸਿਹਤ ਸੰਭਾਲ ਆਰ ਏ 7 ਨੂੰ ਸਾਧਾਰਣ ਤਾਕਤਾਂ ਵਾਲਾ ਆਰ ਏ ਆਖਿਆ ਜਾਂਦਾ ਹੈ। ਫਾਇਨੈਂਸ਼ਲ ਆਰ ਏ 7 ਵਾਂਗ, ਨਿੱਜੀ/ਸਿਹਤ ਸੰਭਾਲ ਆਰ ਏ 7 ਇਕ ਅਜਿਹਾ ਆਰ ਏ ਹੈ ਜਿਹੜਾ ਕਾਨੂੰਨ ਨਾਲ ਸੀਮਤ ਹੈ।

ਆਰ ਏ ਬਾਰੇ ਦੱਸੀ ਗਈ ਆਮ ਜਾਣਕਾਰੀ ਤੋਂ ਇਲਾਵਾ, ਇਸ ਚੀਜ਼ ਬਾਰੇ ਖਾਸ ਨਿਯਮ ਹਨ ਕਿ ਆਰ ਏ ਕਿਵੇਂ ਬਣਾਏ ਜਾਣੇ ਹਨ ਅਤੇ ਤੁਹਾਡੇ ਨੁਮਾਇੰਦੇ ਲਈ ਆਪਣੇ ਫਰਜ਼ ਕਿਵੇਂ ਨਿਭਾਉਣਾ ਜ਼ਰੂਰੀ ਹੈ। ਇਹ ਭਾਗ ਨਿੱਜੀ/ਸਿਹਤ ਸੰਭਾਲ ਆਰ ਏ 9 ਨਾਲ ਸੰਬੰਧਿਤ ਨਿਯਮਾਂ 'ਤੇ ਰੌਸ਼ਨੀ ਪਾਉਂਦਾ ਹੈ।

| ਸੰਖੇਪ – ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ (ਨਿੱਜੀ/ਸਿਹਤ ਸੰਭਾਲ ਆਰ ਏ 9) | |
|---|---|
| ਨਿੱਜੀ/ਸਿਹਤ ਸੰਭਾਲ ਆਰ ਏ 9 ਕੌਣ ਬਣਾ ਸਕਦਾ ਹੈ? | ਕੋਈ ਬਾਲਗ (ਬੀ ਸੀ ਵਿਚ 19 ਸਾਲ ਜਾਂ ਜ਼ਿਆਦਾ ਉਮਰ ਦਾ) ਆਰ ਏ 9 ਬਣਾ ਸਕਦਾ ਹੈ ਜੇ ਉਹ ਤਜਵੀਜ਼ਸ਼ੁਦਾ ਐਗਰੀਮੈਂਟ ਦੀ ਕਿਸਮ ਅਤੇ ਸਿੱਟਿਆਂ ਨੂੰ ਸਮਝਣ ਦੇ ਅਸਮਰੱਥ ਨਹੀਂ ਹੈ। |
| ਨਿੱਜੀ/ਸਿਹਤ ਸੰਭਾਲ ਆਰ ਏ 9 ਅਧੀਨ ਨਿੱਜੀ ਸੰਭਾਲ ਦੇ ਕਿਹੜੇ ਫੈਸਲੇ ਕੀਤੇ ਜਾ ਸਕਦੇ ਹਨ? | ਨਿੱਜੀ/ਸਿਹਤ ਸੰਭਾਲ ਆਰ ਏ 9 ਵਿਚ, ਤੁਸੀਂ ਆਪਣੇ ਨੁਮਾਇੰਦੇ ਨੂੰ ਕਿਸੇ ਵੀ ਚੀਜ਼ ਉੱਪਰ ਅਧਿਕਾਰ ਦੇ ਸਕਦੇ ਹੋ ਜਿਹੜੀ ਨੁਮਾਇੰਦਾ ਤੁਹਾਡੀ ਨਿੱਜੀ ਸੰਭਾਲ ਲਈ ਜ਼ਰੂਰੀ ਸਮਝਦਾ ਹੋਵੇ, ਜਾਂ ਤੁਸੀਂ ਇਹ ਦੱਸ ਸਕਦੇ ਹੋ ਕਿ ਕਿਹੜੇ ਫੈਸਲੇ ਕਵਰ ਕੀਤੇ ਜਾਣੇ ਹਨ। ਫੈਸਲੇ ਕਰਨ ਦੇ ਕੁਝ ਖੇਤਰਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:<br>• ਰਹਿਣ ਦੇ ਪ੍ਰਬੰਧ (ਸਮੇਤ ਸੰਭਾਲ ਕਰਨ ਵਾਲੀ ਕਿਸੇ ਥਾਂ ਵਿਚ ਦਾਖਲੇ ਦੇ)<br>• ਖੁਰਾਕ ਅਤੇ ਡਰੈੱਸ<br>• ਵਿਦਿਅਕ ਜਾਂ ਵੋਕੇਸ਼ਨਲ ਸਰਗਰਮੀਆਂ ਵਿਚ ਸ਼ਮੂਲੀਅਤ<br>• ਨਿੱਜੀ ਜਾਣਕਾਰੀ ਤੱਕ ਪਹੁੰਚ<br>• ਬੰਦਸ਼ਾਂ ਵਾਲੇ ਮਾਮਲੇ |
| ਨਿੱਜੀ/ਸਿਹਤ ਸੰਭਾਲ ਆਰ ਏ 9 ਅਧੀਨ ਕੀ ਕਵਰ ਨਹੀਂ ਹੈ? | ਜੇ ਨਿੱਜੀ/ਸਿਹਤ ਸੰਭਾਲ ਆਰ ਏ 9 ਖਾਸ ਤੌਰ 'ਤੇ ਕਹਿੰਦਾ ਨਹੀਂ ਤਾਂ ਕੋਈ ਨੁਮਾਇੰਦਾ ਇਹ ਨਹੀਂ ਕਰ ਸਕਦਾ:<br>• ਤੁਹਾਡੇ ਛੋਟੇ ਬੱਚਿਆਂ ਜਾਂ ਤੁਹਾਡੀ ਸੁਪੋਰਟ ਵਾਲੇ ਕਿਸੇ ਵਿਅਕਤੀ ਲਈ ਆਰਜ਼ੀ ਸੰਭਾਲ ਅਤੇ ਪੜ੍ਹਾਈ ਦੇ ਪ੍ਰਬੰਧ<br>• ਤੁਹਾਡੇ ਧਾਰਮਿਕ ਅਮਲਾਂ ਵਿਚ ਦਖਲ |

| | |
|---|---|
| ਵੱਡੇ ਅਤੇ ਛੋਟੇ ਸਿਹਤ ਸੰਭਾਲ ਦੇ ਫੈਸਲੇ ਕੀ ਹਨ? | ਨਿੱਜੀ/ਸਿਹਤ ਸੰਭਾਲ ਆਰ ਏ 9 ਵੱਡੀ ਅਤੇ ਛੋਟੀ ਸਿਹਤ ਸੰਭਾਲ ਨੂੰ ਕਵਰ ਕਰ ਸਕਦਾ ਹੈ। *ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ* ਸਿਹਤ ਸੰਭਾਲ ਦੇ ਵੱਡੇ ਅਤੇ ਛੋਟੇ ਫੈਸਲਿਆਂ ਦੀ ਪ੍ਰੀਭਾਸ਼ਾ ਦਿੰਦਾ ਹੈ।<br><br>ਸਿਹਤ ਸੰਭਾਲ ਦੇ ਵੱਡੇ ਫੈਸਲਿਆਂ ਵਿਚ ਇਹ ਸ਼ਾਮਲ ਹਨ:<br>• ਕੋਈ ਵੱਡੀ ਸਰਜਰੀ ਅਤੇ ਕੋਈ ਵੀ ਇਲਾਜ ਜਿਸ ਵਿਚ ਬੇਹੋਸ਼ ਕਰਨਾ ਸ਼ਾਮਲ ਹੋਵੇ<br>• ਰੋਗ ਦੀ ਪਛਾਣ ਕਰਨ ਜਾਂ ਟੈੱਸਟ ਕਰਨ ਦੇ ਵੱਡੇ ਪ੍ਰੋਸੀਜ਼ਰ<br>• ਰੇਡੀਏਸ਼ਨ ਥੈਰੇਪੀ<br>• ਇੰਟਰਾਵੀਨਸ ਕੀਮੋਥੈਰੇਪੀ<br>• ਗੁਰਦੇ ਦਾ ਡਾਇਆਲਿਸਸ<br>• ਇਲੈਕਟਰੋਕਨਵਲਸਿਵ ਥੈਰੇਪੀ<br>• ਲੇਜ਼ਰ ਸਰਜਰੀ<br><br>ਸਿਹਤ ਸੰਭਾਲ ਦੇ ਛੋਟੇ ਫੈਸਲਿਆਂ ਵਿਚ ਇਹ ਸ਼ਾਮਲ ਹਨ:<br>• ਆਮ ਮੈਡੀਕਲ ਟੈੱਸਟ<br>• ਦੰਦਾਂ ਦਾ ਆਮ ਇਲਾਜ ਜਿਵੇਂ ਕਿ ਖੋੜ ਭਰਨਾ ਅਤੇ ਕੱਢਣਾ ਜਿਸ ਲਈ ਬੇਹੋਸ਼ ਕਰਨ ਦੀ ਲੋੜ ਨਾ ਹੋਵੇ, ਅਤੇ ਦੰਦਾਂ ਦਾ ਇਲਾਜ |
| ਨਿੱਜੀ/ਸਿਹਤ ਸੰਭਾਲ ਆਰ ਏ 9 ਅਧੀਨ ਸਿਹਤ ਸੰਭਾਲ ਤੋਂ ਬਿਨਾਂ ਹੋਰ ਕੀ ਕਵਰ ਹੋ ਸਕਦਾ ਹੈ? | ਜੇ ਤੁਸੀਂ ਆਪਣੇ ਨੁਮਾਇੰਦੇ ਨੂੰ ਬਿਨਾਂ ਕੋਈ ਹੋਰ ਹਿਦਾਇਤਾਂ ਦੇ ਸਿਹਤ ਸੰਭਾਲ ਲਈ ਨਾਂਹ ਕਰਨ ਜਾਂ ਸਹਿਮਤੀ ਦੇਣ ਦਾ ਅਧਿਕਾਰ ਦਿੰਦੇ ਹੋ ਤਾਂ ਤੁਹਾਡਾ ਨੁਮਾਇੰਦਾ ਉਸ ਸਿਹਤ ਸੰਭਾਲ ਨੂੰ ਸਹਿਮਤੀ ਦੇ ਸਕਦਾ ਹੈ ਜਾਂ ਨਾਂਹ ਕਰ ਸਕਦਾ ਹੈ ਜਿਹੜੀ ਜ਼ਿੰਦਗੀ ਨੂੰ ਬਚਾਉਣ ਲਈ ਜ਼ਰੂਰੀ ਹੈ।<br><br>ਤੁਸੀਂ ਕਿਸੇ ਨੂੰ ਇਹ ਅਧਿਕਾਰ ਵੀ ਦੇ ਸਕਦੇ ਹੋ ਕਿ ਉਹ ਤੁਹਾਨੂੰ ਤੁਹਾਡੇ ਵਿਰੋਧ ਦੇ ਬਾਵਜੂਦ ਤੁਹਾਨੂੰ ਰੋਕੇ ਜਾਂ ਮੂਵ ਕਰੇ, ਜੇ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਇਹ ਜ਼ਰੂਰੀ ਹੋਵੇ। |
| ਸਿਹਤ ਸੰਭਾਲ (ਆਰ ਏ 9) ਲਈ ਨੌਨ ਸਟੈਂਡਰਡ ਤਾਕਤਾਂ ਹੇਠ ਕੀ ਕਵਰ ਨਹੀਂ ਹੈ? | ਜੇ ਤੁਸੀਂ ਆਪਣੀ ਆਰ ਏ 9 ਵਿਚ ਨਹੀਂ ਕਹਿੰਦੇ ਤਾਂ ਤੁਹਾਡਾ ਨੁਮਾਇੰਦਾ ਕਈ ਦਖਲ ਦੇਣ ਵਾਲੇ ਅਤੇ ਵਿਵਾਦਪੂਰਨ ਇਲਾਜਾਂ ਅਤੇ ਥੈਰੇਪੀਜ਼ ਲਈ ਸਹਿਮਤੀ ਨਹੀਂ ਦੇ ਸਕਦਾ। |
| ਕੀ ਮੌਨੀਟਰ ਦੀ ਲੋੜ ਹੈ? | ਨਿੱਜੀ/ਸਿਹਤ ਸੰਭਾਲ ਆਰ ਏ 9 ਲਈ ਮੌਨੀਟਰ ਦੀ ਲੋੜ ਨਹੀਂ ਹੈ। ਜੇ ਤੁਸੀਂ ਮੌਨੀਟਰ ਬਣਾਉਣ ਦੀ ਚੋਣ ਕਰਦੇ ਹੋ ਤਾਂ ਤੁਹਾਡੇ ਆਰ ਏ ਵਿਚ ਇਹ ਹਿਦਾਇਤਾਂ ਦਿੱਤੀਆਂ ਗਈਆਂ ਹੋਣੀਆਂ ਚਾਹੀਦੀਆਂ ਹਨ ਕਿ ਜੇ ਮੌਨੀਟਰ ਹੁਣ ਕਾਰਜ ਨਾ ਕਰ ਸਕਦਾ ਹੋਵੇ ਤਾਂ ਕੀ ਉਸ ਦੀ ਥਾਂ ਕਿਸੇ ਨੂੰ ਰੱਖਣ ਦੀ ਲੋੜ ਹੈ ਜਾਂ ਨਹੀਂ। |
| ਕੀ ਨੁਮਾਇੰਦੇ ਜਾਂ ਮੌਨੀਟਰ ਨੂੰ ਪੈਸੇ ਦਿੱਤੇ ਜਾ ਸਕਦੇ ਹਨ? | ਨੁਮਾਇੰਦਿਆਂ ਅਤੇ ਮੌਨੀਟਰਾਂ ਨੂੰ ਸਿਹਤ ਸੰਭਾਲ ਨਾਲ ਸੰਬੰਧਿਤ ਫੈਸਲਿਆਂ ਲਈ ਪੈਸੇ ਨਹੀਂ ਦਿੱਤੇ ਜਾ ਸਕਦੇ। ਪਰ, ਨੁਮਾਇੰਦਿਆਂ ਅਤੇ ਮੌਨੀਟਰਾਂ ਨੂੰ ਉਨ੍ਹਾਂ ਵਲੋਂ ਕੀਤੇ ਗਏ ਵਾਜਬ ਖਰਚੇ ਮੋੜੇ ਜਾ ਸਕਦੇ ਹਨ। |

## ਨਿੱਜੀ/ਸਿਹਤ ਸੰਭਾਲ ਆਰ ਏ 9 ਲਈ ਨੁਮਾਇੰਦੇ ਦੀ ਚੋਣ ਕਰਨਾ

ਨੁਮਾਇੰਦੇ ਦੀ ਚੋਣ ਕਰਨਾ ਇਕ ਔਖਾ ਫੈਸਲਾ ਹੋ ਸਕਦਾ ਹੈ। ਤੁਹਾਨੂੰ ਨਿੱਜੀ/ਸਿਹਤ ਸੰਭਾਲ ਆਰ ਏ 9 ਬਣਾਉਣ ਦੀ ਲੋੜ ਨਹੀਂ ਹੈ ਜੇ ਇਹ ਤੁਹਾਡੇ ਲਈ ਠੀਕ ਨਹੀਂ ਹੈ। ਕੁਝ ਵਿਚਾਰਾਂ ਇਹ ਹਨ:

| | |
|---|---|
| ਨਿੱਜੀ/ਸਿਹਤ ਸੰਭਾਲ ਆਰ ਏ 9 ਅਧੀਨ ਕੌਣ ਨੁਮਾਇੰਦਾ ਹੋ ਸਕਦਾ ਹੈ? | ਤੁਸੀਂ ਆਪਣੇ ਭਰੋਸੇ ਵਾਲੇ ਕਿਸੇ ਵੀ ਬਾਲਗ (19 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵਿਅਕਤੀ) ਨੂੰ ਨੁਮਾਇੰਦਾ ਬਣਾ ਸਕਦੇ ਹੋ। ਤੁਸੀਂ ਆਪਣੇ ਸਪਾਉਸ, ਪਰਿਵਾਰ ਦੇ ਮੈਂਬਰ ਜਾਂ ਨੇੜਲੇ ਦੋਸਤ ਦੀ ਚੋਣ ਕਰ ਸਕਦੇ ਹੋ।<br><br>ਇਹ ਜਾਣਨਾ ਜ਼ਰੂਰੀ ਹੈ ਕਿ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਨੁਮਾਇੰਦਾ ਨਹੀਂ ਬਣਾ ਸਕਦੇ ਜਿਸ ਨੂੰ ਤੁਹਾਡੀ ਨਿੱਜੀ ਸੰਭਾਲ ਜਾਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੈਸੇ ਮਿਲਦੇ ਹਨ। ਇਸ ਵਿਚ ਉਸ ਸਥਾਨ ’ਤੇ ਕੰਮ ਕਰਦੇ ਮੁਲਾਜ਼ਮ ਵੀ ਸ਼ਾਮਲ ਹਨ ਜਿੱਥੇ ਤੁਸੀਂ ਰਹਿੰਦੇ ਹੋ ਜਿਹੜਾ ਇਹ ਸੇਵਾਵਾਂ ਪ੍ਰਦਾਨ ਕਰਦਾ ਹੈ। ਜੇ ਤੁਹਾਡਾ ਵਲੋਂ ਚੁਣਿਆ ਗਿਆ ਨੁਮਾਇੰਦਾ ਤੁਹਾਡਾ ਸਪਾਉਸ, ਬੱਚਾ ਜਾਂ ਮਾਪਾ ਹੈ ਤਾਂ ਇਸ ਵਿਚ ਛੋਟ ਹੈ। |
| ਨਿੱਜੀ/ਸਿਹਤ ਸੰਭਾਲ ਆਰ ਏ 9 ਅਧੀਨ ਨੁਮਾਇੰਦੇ ਦੇ ਫਰਜ਼ ਅਤੇ ਜ਼ਿੰਮੇਵਾਰੀਆਂ ਕੀ ਹਨ? | ਪਹਿਲਾਂ ਦੱਸੇ ਗਏ ਫਰਜ਼ਾਂ ਤੋਂ ਇਲਾਵਾ, ਤੁਹਾਡੇ ਨੁਮਾਇੰਦੇ ਲਈ ਤੁਹਾਡੀਆਂ ਇੱਛਾਵਾਂ ਦਾ ਪਤਾ ਲਾਉਣ ਲਈ ਤੁਹਾਡੇ ਨਾਲ ਵਾਜਬ ਸਲਾਹ ਮਸ਼ਵਰਾ ਕਰਨਾ ਜ਼ਰੂਰੀ ਹੈ।<br><br>**ਸਾਵਧਾਨੀ:** ਇਹ ਜ਼ਰੂਰੀ ਹੈ ਕਿ ਕੋਈ ਵੀ ਇੱਛਾਵਾਂ ਸਪਸ਼ਟ ਹੋਣ, ਨਹੀਂ ਤਾਂ ਤੁਹਾਡਾ ਨੁਮਾਇੰਦਾ ਇਨ੍ਹਾਂ ਦੀ ਪਾਲਣਾ ਕਰਨ ਦੇ ਯੋਗ ਨਹੀਂ ਹੋ ਸਕਦਾ ਹੈ। ਜਾਂ, ਸੇਧ ਲੈਣ ਲਈ ਅਦਾਲਤ ਨੂੰ ਜਾਣਾ ਜ਼ਰੂਰੀ ਹੋ ਸਕਦਾ ਹੈ। |
| ਕਿਹੜੇ ਰਿਕਾਰਡ ਰੱਖੇ ਜਾਣੇ ਜ਼ਰੂਰੀ ਹਨ? | ਜੇ ਆਰ ਏ ਕਿਸੇ ਹੋਰ ਤਰ੍ਹਾਂ ਨਹੀਂ ਕਹਿੰਦਾ ਤਾਂ ਜਿਹੜੇ ਰਿਕਾਰਡ ਰੱਖੇ ਜਾਣੇ ਜ਼ਰੂਰੀ ਹਨ, ਉਨ੍ਹਾਂ ਵਿਚ ਇਹ ਸ਼ਾਮਲ ਹਨ:<br>• ਤੁਹਾਡੀਆਂ ਹਿਦਾਇਤਾਂ, ਇੱਛਾਵਾਂ, ਵਿਸ਼ਵਾਸ਼ਾਂ ਅਤੇ ਕਦਰਾਂ-ਕੀਮਤਾਂ ਦੇ ਕਿਸੇ ਰਿਕਾਰਡ ਦੀਆਂ ਕਾਪੀਆਂ<br>• ਰਿਹਾਇਸ਼ੀ ਜਾਂ ਨਿੱਜੀ ਜਾਂ ਸਿਹਤ ਸੰਭਾਲ ਦੀਆਂ ਲੋੜਾਂ ਵਿਚ ਤਬਦੀਲੀਆਂ ਅਤੇ ਇਨ੍ਹਾਂ ਨਾਲ ਸੰਬੰਧਿਤ ਫੈਸਲਿਆਂ ਦੇ ਰਿਕਾਰਡ<br>• ਸਿਹਤ ਸੰਭਾਲ ਦੇ ਫੈਸਲਿਆਂ ਜਾਂ ਸੰਭਾਲ ਕਰਨ ਵਾਲੀ ਕਿਸੇ ਥਾਂ ਵਿਚ ਦਾਖਲੇ ਅਤੇ ਤਾਰੀਕ ਦੇ ਵੇਰਵੇ<br>• ਕਿਸੇ ਨਾਲ ਸੰਪਰਕ ’ਤੇ ਬੰਦਸ਼ ਦੀ ਕਿਸਮ ਅਤੇ ਕਾਰਨਾਂ ਦੇ ਵੇਰਵੇ<br>• ਤੁਹਾਡੇ ਵਿਰੋਧ ਕਰਨ ਦੇ ਬਾਵਜੂਦ, ਤੁਹਾਨੂੰ ਸਰੀਰਕ ਤੌਰ ’ਤੇ ਰੋਕਣ ਜਾਂ ਮੂਵ ਕਰਨ ਦੇ ਕਿਸੇ ਫੈਸਲੇ ਬਾਰੇ ਵੇਰਵੇ |
| ਆਪਣੇ ਨੁਮਾਇੰਦੇ ਨਾਲ ਵਿਚਾਰੀਆਂ ਜਾਣ ਵਾਲੀਆਂ ਚੀਜ਼ਾਂ | ਜੇ ਤੁਸੀਂ ਨੁਮਾਇੰਦਾ ਅਤੇ ਮੌਨੀਟਰ ਬਣਾ ਰਹੇ ਹੋ ਤਾਂ ਇਹ ਜ਼ਰੂਰੀ ਹੈ ਕਿ ਉਹ ਆਪਣੇ ਰੋਲਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ ਅਤੇ ਇਹ ਚੁੱਕਣ ਲਈ ਖਾਹਸ਼ਮੰਦ ਹਨ।<br><br>ਜੇ ਤੁਸੀਂ ਦੋ ਨੁਮਾਇੰਦੇ ਬਣਾਏ ਹਨ ਜਿਨ੍ਹਾਂ ਲਈ ਰਲ ਕੇ ਕੰਮ ਕਰਨਾ ਜ਼ਰੂਰੀ ਹੈ ਤਾਂ ਇਹ ਵੀ ਜ਼ਰੂਰੀ ਹੈ ਕਿ ਉਹ ਇਹ ਸਮਝਦੇ ਹਨ ਕਿ ਉਨ੍ਹਾਂ ਲਈ ਰਲ ਕੇ ਕੰਮ ਕਰਨਾ ਜ਼ਰੂਰੀ ਹੈ ਅਤੇ ਉਹ ਅਜਿਹਾ ਕਰਨ ਲਈ ਸਹਿਮਤ ਹਨ।<br><br>ਕਿਸੇ ਵੀ ਕੇਸ ਵਿਚ, ਤੁਸੀਂ ਆਪਣੀਆਂ ਇੱਛਾਵਾਂ ਬਾਰੇ ਗੱਲ ਕਰਨਾ ਚਾਹੁੰਦੇ ਹੋ ਸਕਦੇ ਹੋ ਤਾਂ ਜੋ ਜੇ ਉਹ ਤੁਹਾਡੇ ਨਾਲ ਸਲਾਹ ਨਾ ਕਰ ਸਕਣ ਤਾਂ ਉਨ੍ਹਾਂ ਨੂੰ ਪਤਾ ਹੋਵੇ ਕਿ ਤੁਸੀਂ ਕੀ ਚਾਹੋਗੇ। |

## ਨਿੱਜੀ/ਸਿਹਤ ਸੰਭਾਲ ਆਰ ਏ 9 ਲਈ ਹੋਰ ਵਿਚਾਰਾਂ

| | |
|---|---|
| ਸਿਹਤ ਸੰਭਾਲ ਅਤੇ ਨਿੱਜੀ/ਸਿਹਤ ਸੰਭਾਲ ਆਰ ਏ 9 ਲਈ ਅਡਵਾਂਸ ਡਾਇਰੈਕਟਿਵ (ਅਗਾਊਂ ਆਦੇਸ਼) | ਜੇ ਤੁਸੀਂ ਅਡਵਾਂਸ ਡਾਇਰੈਕਟਿਵ (ਏ ਡੀ) ਬਣਾਉਣਾ ਚਾਹੁੰਦੇ ਹੋ ਜਾਂ ਤੁਹਾਡੇ ਕੋਲ ਪਹਿਲਾਂ ਹੀ ਹੈ ਅਤੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਡਾਕਟਰ ਤੁਹਾਡੇ ਨੁਮਾਇੰਦੇ ਦੀ ਸਹਿਮਤੀ ਲਏ ਬਿਨਾਂ ਹੀ ਏ ਡੀ ਵਿਚਲੀਆਂ ਹਿਦਾਇਤਾਂ ਦੀ ਪਾਲਣਾ ਕਰੇ ਤਾਂ ਤੁਹਾਨੂੰ ਅਜਿਹਾ ਨਿੱਜੀ/ਸਿਹਤ ਸੰਭਾਲ ਆਰ ਏ 9 ਵਿਚ ਕਹਿਣਾ ਪਵੇਗਾ। |

| ਸੰਖੇਪ – ਨਿੱਜੀ ਅਤੇ ਸਿਹਤ ਸੰਭਾਲ ਲਈ ਆਮ ਸ਼ਰਤਾਂ ਨਾਲ ਨੁਮਾਇੰਦਗੀ ਦਾ ਐਗਰੀਮੈਂਟ (ਨਿੱਜੀ/ਸਿਹਤ ਸੰਭਾਲ ਆਰ ਏ 7) | |
|---|---|
| ਕੋਈ ਬਾਲਗ ਨਿੱਜੀ/ਸਿਹਤ ਸੰਭਾਲ ਆਰ ਏ 7 ਕਿਉਂ ਬਣਾਉਂਦਾ ਹੈ? | ਜੇ ਤੁਹਾਨੂੰ ਆਪਣੇ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲੇ ਕਰਨ ਵਿਚ ਮੁਸ਼ਕਲ ਆ ਰਹੀ ਹੈ ਅਤੇ ਤੁਸੀਂ ਨਿੱਜੀ/ਸਿਹਤ ਸੰਭਾਲ ਆਰ ਏ 9 ਬਣਾਉਣ ਦੇ ਯੋਗ ਨਹੀਂ ਹੋ ਤਾਂ ਤੁਸੀਂ ਅਜੇ ਵੀ ਨਿੱਜੀ/ਸਿਹਤ ਸੰਭਾਲ ਆਰ ਏ 7 ਬਣਾਉਣ ਦੇ ਯੋਗ ਹੋ ਸਕਦੇ ਹੋ। ਇਹ ਫੈਸਲਾ ਕਰਨ ਲਈ ਵਿਚਾਰ ਲਈ ਫਾਇਨੈਂਸ਼ਲ ਆਰ ਏ 7 ਦੇਖੋ ਕਿ ਕੀ ਤੁਸੀਂ ਨਿੱਜੀ/ਸਿਹਤ ਸੰਭਾਲ ਆਰ ਏ 7 ਬਣਾਉਣ ਦੇ ਅਸਮਰੱਥ ਹੋ। |
| ਨਿੱਜੀ/ਸਿਹਤ ਸੰਭਾਲ ਆਰ ਏ 7 ਅਧੀਨ ਨਿੱਜੀ ਸੰਭਾਲ ਦੇ ਕਿਹੜੇ ਫੈਸਲੇ ਕੀਤੇ ਜਾਂਦੇ ਹਨ? | ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ ਵਿਚ ਦੱਸੀ ਗਈ ਨਿੱਜੀ ਸੰਭਾਲ ਵਿਚ ਇਸ ਤਰ੍ਹਾਂ ਦੀਆਂ ਚੀਜ਼ਾਂ ਸ਼ਾਮਲ ਹਨ:<br>• ਤੁਹਾਡੀ ਖੁਰਾਕ ਅਤੇ ਡਰੈੱਸ<br>• ਸਮਾਜਿਕ ਸਰਗਰਮੀਆਂ<br>• ਪਰਿਵਾਰ ਅਤੇ ਦੋਸਤਾਂ ਨੂੰ ਮਿਲਣਾ<br>• ਤੁਸੀਂ ਕਿੱਥੇ ਰਹਿੰਦੇ ਹੋ |
| ਨਿੱਜੀ/ਸਿਹਤ ਸੰਭਾਲ ਆਰ ਏ 7 ਵਿਚ ਸਿਹਤ ਸੰਭਾਲ ਦੇ ਕਿਹੜੇ ਫੈਸਲੇ ਸ਼ਾਮਲ ਹਨ? | ਨਿੱਜੀ/ਸਿਹਤ ਸੰਭਾਲ ਆਰ ਏ 7 ਅਧੀਨ ਸਿਹਤ ਸੰਭਾਲ ਵਿਚ ਸੰਭਾਲ ਦੇ ਵੱਡੇ ਅਤੇ ਛੋਟੇ ਫੈਸਲੇ ਸ਼ਾਮਲ ਹਨ। ਉਪਰ ਪ੍ਰੀਭਾਸ਼ਾਵਾਂ ਦੇਖੋ। ਇਨ੍ਹਾਂ ਵਿਚ ਇਹ ਸ਼ਾਮਲ ਨਹੀਂ ਹੋ ਸਕਦੇ:<br>• ਸੰਭਾਲ ਕਰਨ ਵਾਲੀ ਕਿਸੇ ਥਾਂ ਵਿਚ ਦਾਖਲੇ ਲਈ ਸਹਿਮਤੀ ਦਾ ਅਧਿਕਾਰ<br>• ਵਿਘਨ ਪਾਉਣ ਵਾਲੇ ਅਤੇ ਵਿਵਾਦਪੂਰਨ ਇਲਾਜ ਜਾਂ ਥੈਰੇਪੀਆਂ<br>• ਜ਼ਿੰਦਗੀ ਨੂੰ ਬਚਾਉਣ ਵਾਲੇ ਇਲਾਜ ਤੋਂ ਨਾਂਹ ਕਰਨਾ |

**ਉਦਾਹਰਣ:**

*ਮੋਅ 84 ਸਾਲਾਂ ਦਾ ਵਿਧਵਾ ਵਿਅਕਤੀ ਹੈ ਜਿਸ ਦੀ ਬਾਤ ਉਸ ਦਾ ਇੱਕੋ ਬੱਚਾ ਘੱਟ ਹੀ ਪੁੱਛਦਾ ਹੈ, ਜੋ ਕਿ ਇਕ ਸ਼ਾਦੀਸ਼ੁਦਾ ਧੀ ਹੈ ਜਿਹੜੀ ਕਿਸੇ ਹੋਰ ਸੂਬੇ ਵਿਚ ਰਹਿੰਦੀ ਹੈ।*

*ਉਹ 40 ਸਾਲਾਂ ਤੋਂ ਉਸੇ ਘਰ ਵਿਚ ਰਿਹਾ ਹੈ ਅਤੇ ਪਿਛਲੇ ਦਹਾਕੇ ਤੋਂ ਉਸ ਦੀ ਸਾਰਾ ਨਾਂ ਦੀ ਇਕ ਗੁਆਂਢਣ ਨਾਲ ਦੋਸਤੀ ਚੱਲ ਰਹੀ ਹੈ। ਉਹ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਪਿਛਲੇ ਸਾਲਾਂ ਵਿਚ ਉਨ੍ਹਾਂ ਨੇ ਇਹ ਵਿਚਾਰ ਕੀਤੀ ਹੈ ਕਿ ਜੇ ਉਹ ਆਪਣੇ ਫੈਸਲੇ ਆਪ ਕਰਨ ਦੇ ਅਸਮਰੱਥ ਹੋ ਜਾਣ ਤਾਂ ਉਹ ਕਿਸ ਤਰ੍ਹਾਂ ਦੀ ਸੰਭਾਲ ਕਰਵਾਉਣ ਦੀ ਉਮੀਦ ਰੱਖਦੇ ਹਨ। ਸਾਰਾ ਜਾਣਦੀ ਹੈ ਕਿ ਮੋਅ ਦੀ ਇੱਛਾ ਆਪਣੇ ਦਿਨ ਆਪਣੇ ਘਰ ਵਿਚ ਗੁਜ਼ਾਰਨ ਦੀ ਹੋਵੇਗੀ ਭਾਵੇਂ ਕਿ ਇਸ ਦਾ ਮਤਲਬ ਘਰ ਵਿਚ ਸੰਭਾਲ ਲਈ ਪੈਸੇ ਦੇਣਾ ਹੋਵੇਗਾ।*

*ਥੋੜ੍ਹਾ ਸਮਾਂ ਪਹਿਲਾਂ, ਮੋਅ ਅਤੇ ਸਾਰਾ ਨੇ ਫਾਇਨੈਂਸ਼ਲ ਆਰ ਏ 7 ਅਤੇ ਨਿੱਜੀ/ਸਿਹਤ ਸੰਭਾਲ ਆਰ ਏ 7 ਬਣਾਉਣ ਦਾ ਫੈਸਲਾ ਕੀਤਾ ਅਤੇ ਇਕ ਦੂਜੇ ਨੂੰ ਆਪਣਾ ਨੁਮਾਇੰਦਾ ਬਣਾਇਆ।*

*ਅੱਜਕੱਲ ਮੋਅ ਨੂੰ ਚੇਤਾ ਭੁੱਲ ਰਿਹਾ ਹੈ। ਕਈ ਵਾਰੀ ਉਸ ਨੇ ਆਪਣੇ ਆਪ ਨੂੰ ਆਪਣੇ ਘਰ ਤੋਂ ਬਾਹਰ ਰੱਖਦੇ ਹੋਏ ਲੌਕ ਕਰ ਦਿੱਤਾ ਅਤੇ ਚੱਲਦੇ ਸਟੋਵ 'ਤੇ ਪਤੀਲਾ ਪਿਆ ਰਹਿਣ ਦਿੱਤਾ ਜਿਸ ਨਾਲ ਉਸ ਦੇ ਘਰ ਨੂੰ ਅੱਗ ਲੱਗ ਗਈ। ਇਸ ਘਟਨਾ ਤੋਂ ਬਾਅਦ, ਮੋਅ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਉਸ ਦੇ ਪਰਿਵਾਰ ਦੀ ਮੈਂਬਰ ਹੋਣ ਕਰਕੇ ਹਸਪਤਾਲ ਦੇ ਸਟਾਫ ਵਲੋਂ ਮੋਅ ਦੀ ਧੀ ਨਾਲ ਸੰਪਰਕ ਕੀਤਾ ਗਿਆ।*

*ਮੋਅ ਦੀ ਜਾਂਚ ਕੀਤੀ ਗਈ ਅਤੇ ਇਹ ਪਤਾ ਲੱਗਾ ਕਿ ਉਹ ਐਲਜ਼ਾਈਮਰ ਬੀਮਾਰੀ ਦੀਆਂ ਅਗੇਤੀਆਂ ਸਟੇਜਾਂ 'ਤੇ ਸੀ। ਉਸ ਦੀ ਧੀ ਮੋਅ ਨੂੰ ਦੇਖਣ ਲਈ ਆਈ ਅਤੇ ਉਸ ਨੂੰ ਲੌਂਗ ਟਰਮ ਕੇਅਰ ਫਾਸਿਲਟੀ ਵਿਚ ਦਾਖਲ ਕਰਵਾਉਣ ਦੇ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਨ ਲੱਗੀ। ਮੋਅ ਦੇ ਨੁਮਾਇੰਦੇ ਵਜੋਂ, ਸਾਰਾ ਉਸ ਦਾ ਘਰ ਨਹੀਂ ਵੇਚ ਸਕਦੀ ਪਰ ਉਸ ਕੋਲ ਲੋੜੀਂਦੇ ਮਾਇਕ ਪ੍ਰਬੰਧ ਕਰਨ ਦਾ ਕਾਨੂੰਨੀ ਅਧਿਕਾਰ ਹੈ ਜਿਸ ਨਾਲ ਮੋਅ ਘਰ ਵਿਚ ਸੰਭਾਲ ਕਰਵਾ ਸਕੇ ਜਿੰਨਾ ਚਿਰ ਉਹ ਘਰ ਵਿਚ ਰਹਿਣ ਅਤੇ/ਇਸ ਦਾ ਖਰਚਾ ਦੇਣ ਦੇ ਯੋਗ ਹੈ।*

# ਐੱਫ. ਅਡਵਾਂਸ ਡਾਇਰੈਕਟਿਵ

ਬੀ ਸੀ ਵਿਚ, 1 ਸਤੰਬਰ, 2011 ਤੋਂ ਬਾਅਦ, ਅਡਵਾਂਸ ਡਾਇਰੈਕਟਿਵ (ਅਗਾਊਂ ਆਦੇਸ਼) ਨਾਂ ਦਾ ਇਕ ਕਾਨੂੰਨੀ ਪੇਪਰ ਤਿਆਰ ਕੀਤਾ ਜਾ ਸਕਦਾ ਹੈ। ਅਡਵਾਂਸ ਡਾਇਰੈਕਟਿਵ ਇਕ ਲਿਖਤੀ ਹਿਦਾਇਤ ਹੈ ਜਿਹੜੀ ਉਸ ਵੇਲੇ ਇਲਾਜ ਕਰਵਾਉਣ ਲਈ ਸਹਿਮਤੀ ਜਾਂ ਸਹਿਮਤੀ ਤੋਂ ਨਾਂਹ ਕਰਦੀ ਹੈ ਜਦੋਂ ਇਲਾਜ ਦੀ ਲੋੜ ਹੁੰਦੀ ਹੈ ਅਤੇ ਇਸ ਨੂੰ ਬਣਾਉਣ ਵਾਲਾ ਬਾਲਗ ਇਲਾਜ ਲਈ ਸਹਿਮਤ ਦੇਣ ਜਾਂ ਨਾਂਹ ਕਰਨ ਦੇ ਸਮਰੱਥ ਨਹੀਂ ਹੁੰਦਾ।

ਤੁਹਾਡੇ ਲਈ ਅਡਵਾਂਸ ਡਾਇਰੈਕਟਿਵ ਬਣਾਉਣਾ ਜ਼ਰੂਰੀ ਨਹੀਂ ਹੈ। ਇਹ ਤੁਹਾਡੀ ਚੋਣ ਹੈ। ਇਹ ਇਕ ਢੰਗ ਹੈ ਜਿਸ ਦੀ ਵਰਤੋਂ ਤੁਸੀਂ ਆਪਣੇ ਭਵਿੱਖ ਦੀ ਪਲੈਨ ਬਣਾਉਣ ਲਈ ਕਰ ਸਕਦੇ ਹੋ। ਸਰਵਿਸ ਪ੍ਰਦਾਨ ਕਰਨ ਵਾਲਾ ਚੀਜ਼ਾਂ ਜਾਂ ਸੇਵਾਵਾਂ ਲੈਣ ਦੀ ਸ਼ਰਤ ਵਜੋਂ ਤੁਹਾਡੇ ਤੋਂ ਇਹ ਬਣਾਉਣ ਦੀ ਮੰਗ ਨਹੀਂ ਕਰ ਸਕਦਾ।

ਇਸ ਚੀਜ਼ ਸਬੰਧੀ ਕਈ ਨਿਯਮ ਹਨ ਕਿ ਅਡਵਾਂਸ ਡਾਇਰੈਕਟਿਵ ਕਿਵੇਂ ਬਣਾਇਆ ਅਤੇ ਵਰਤਿਆ ਜਾਣਾ ਹੈ। ਇਹ ਗਾਈਡ ਸਿਰਫ ਵਿਚਾਰਨ ਲਈ ਕੁਝ ਵਿਸ਼ੇਸ਼ਤਾਵਾਂ ਹੀ ਪ੍ਰਦਾਨ ਕਰਦੀ ਹੈ।

| ਸੰਖੇਪ – ਅਡਵਾਂਸ ਡਾਇਰੈਕਟਿਵ (ਏ ਡੀ) | |
|---|---|
| ਅਡਵਾਂਸ ਡਾਇਰੈਕਟਿਵ ਕਿਉਂ ਬਣਾਉਣਾ ਹੈ? | ਤੁਸੀਂ ਅਡਵਾਂਸ ਡਾਇਰੈਕਟਿਵ ਕਿਉਂ ਬਣਾਉਣਾ ਚਾਹੁੰਦੇ ਹੋ ਸਕਦੇ ਹੋ, ਉਸ ਦੇ ਕਾਰਨਾਂ ਵਿਚ ਸ਼ਾਮਲ ਹੋ ਸਕਦੇ ਹਨ:<br>• ਤੁਹਾਡੇ ਕੋਲ ਕੋਈ ਅਜਿਹਾ ਵਿਅਕਤੀ ਨਹੀਂ ਹੈ ਜਿਸ ਨੂੰ ਤੁਸੀਂ ਨੁਮਾਇੰਦਾ ਬਣਾ ਸਕਦੇ ਹੋਵੋ ਜਿਹੜਾ ਤੁਹਾਡੇ ਲਈ ਸਿਹਤ ਸੰਭਾਲ ਦੇ ਫੈਸਲੇ ਕਰ ਸਕਦਾ ਹੋਵੇ<br>• ਤੁਹਾਡੀਆਂ ਕੁਝ ਖਾਸ ਇਲਾਜਾਂ ਅਤੇ ਦਖਲਅੰਦਾਜ਼ੀਆਂ ਬਾਰੇ ਜ਼ੋਰਦਾਰ ਭਾਵਨਾਵਾਂ ਹੋ ਸਕਦੀਆਂ ਹਨ ਅਤੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਸਿਹਤ ਸੰਭਾਲ ਲਈ ਉਨ੍ਹਾਂ ਦੀ ਵਰਤੋਂ ਜਾਂ ਨਾ ਵਰਤੋਂ ਬਾਰੇ ਤੁਹਾਡੀਆਂ ਹਿਦਾਇਤਾਂ ਕਾਨੂੰਨੀ ਤੌਰ ’ਤੇ ਲਾਗੂ ਹੋਣ<br>• ਤੁਹਾਡੇ ਕੋਲ ਨੁਮਾਇੰਦਾ ਹੈ ਪਰ ਤੁਸੀਂ ਨਹੀਂ ਚਾਹੁੰਦੇ ਕਿ ਨੁਮਾਇੰਦਾ ਖਾਸ ਫੈਸਲੇ ਕਰੇ |
| ਇਹ ਕੌਣ ਬਣਾ ਸਕਦਾ ਹੈ? | ਕੋਈ ਬਾਲਗ (ਬੀ ਸੀ ਵਿਚ 19 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵਿਅਕਤੀ) ਜਿਹੜਾ ਡਾਕੂਮੈਂਟ ਦੀ ਕਿਸਮ ਅਤੇ ਸਿੱਟਿਆਂ ਨੂੰ ਸਮਝਣ ਦੇ ਸਮਰੱਥ ਹੈ, ਅਡਵਾਂਸ ਡਾਇਰੈਕਟਿਵ ਬਣਾ ਸਕਦਾ ਹੈ। ਇਹ ਬਦਲਿਆ ਜਾਂ ਕੈਂਸਲ ਕੀਤਾ ਜਾ ਸਕਦਾ ਹੈ ਜੇ ਤੁਸੀਂ ਤਬਦੀਲੀ ਕਰਨ ਦੇ ਸਮਰੱਥ ਹੋਵੋ। |
| ਅਡਵਾਂਸ ਡਾਇਰੈਕਟਿਵ ਬਣਾਉਣ ਲਈ ਕੀ ਵਿਚਾਰਨ ਦੀ ਲੋੜ ਹੈ? | ਜਿਸ ਵੇਲੇ ਇਲਾਜ ਲਈ ਸਹਿਮਤੀ ਜਾਂ ਨਾਂਹ ਦੀ ਲੋੜ ਹੁੰਦੀ ਹੈ ਤਾਂ ਜੇ ਤੁਹਾਡੇ ਕੋਲ ਅਡਵਾਂਸ ਡਾਇਰੈਕਟਿਵ ਹੋਵੇ ਅਤੇ ਤੁਹਾਡੀ ਸਿਹਤ ਸੰਭਾਲ ਦੇ ਫੈਸਲੇ ਕਰਨ ਲਈ ਅਧਿਕਾਰ ਵਾਲਾ ਨੁਮਾਇੰਦਾ ਹੋਵੇ (ਨਿੱਜੀ/ਸਿਹਤ ਸੰਭਾਲ ਆਰ ਏ 9) ਤਾਂ ਡਾਕਟਰ ਅਤੇ ਹੋਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਤੁਹਾਡੇ ਨੁਮਾਇੰਦੇ ਤੋਂ ਫੈਸਲਾ ਮੰਗਣਗੇ ਜੋ ਕਿ ਤੁਹਾਡੀਆਂ ਹਿਦਾਇਤਾਂ ਦੀ ਪਾਲਣਾ ਕਰੇਗਾ ਅਤੇ ਇਹ ਸਮਰੱਥ ਹੋਣ ਵੇਲੇ ਤੁਹਾਡੇ ਵਲੋਂ ਦੱਸੀਆਂ ਗਈਆਂ ਇੱਛਾਵਾਂ ਦਾ ਅਕਸ ਦਿਖਾਏਗਾ। ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਨੁਮਾਇੰਦਾ ਅਡਵਾਂਸ ਡਾਇਰੈਕਟਿਵ ਵਿਚ ਕਵਰ ਕੀਤੇ ਗਏ ਫੈਸਲੇ ਕਰੇ ਤਾਂ ਤੁਹਾਡੇ ਨੁਮਾਇੰਦਗੀ ਦੇ ਐਗਰੀਮੈਂਟ ਵਿਚ ਅਜਿਹਾ ਦੱਸਿਆ ਗਿਆ ਹੋਣਾ ਚਾਹੀਦਾ ਹੈ। |
| ਤੁਹਾਡੀਆਂ ਇੱਛਾਵਾਂ ਵਾਲੇ ਹੋਰ ਪੇਪਰ | ਤੁਸੀਂ ਹੋਰ ਪੇਪਰਾਂ ਵਿਚ ਆਪਣੀਆਂ ਇੱਛਾਵਾਂ ਲਿਖੀਆਂ ਹੋ ਸਕਦੀਆਂ ਹਨ ਜਿਵੇਂ ਕਿ ਵਸੀਅਤ। ਇਹ ਪੇਪਰ ਬੀ ਸੀ ਦੇ ਕਾਨੂੰਨ ਅਧੀਨ ਏ ਡੀ ਨਹੀਂ ਹਨ ਕਿਉਂਕਿ ਇਹ ਏ ਡੀ ਬਣਾਉਣ ਲਈ ਸ਼ਰਤਾਂ ਪੂਰੀਆਂ ਨਹੀਂ ਕਰਦੇ ਪਰ ਉਹ ਯੋਗ ਹੋਣ ਵੇਲੇ ਤੁਹਾਡੀਆਂ ਇੱਛਾਵਾਂ ਦਾ ਅਕਸ ਦਿਖਾਉਣਗੇ ਅਤੇ ਜੇ ਹਾਲਤ ’ਤੇ ਲਾਗੂ ਹੁੰਦਾ ਹੋਵੇ ਤਾਂ ਤੁਹਾਡੀ ਸਿਹਤ ਸੰਭਾਲ ਦੇ ਫੈਸਲੇ ਕਰਨ ਵੇਲੇ ਕਾਨੂੰਨੀ ਅਧਿਕਾਰ ਵਾਲੇ ਵਿਅਕਤੀ ਨੂੰ ਸੇਧ ਦੇਣਗੇ। |

| | |
|---|---|
| ਅਡਵਾਂਸ ਡਾਇਰੈਕਟਿਵ ਕਿਵੇਂ ਬਣਾਇਆ ਜਾਂਦਾ ਹੈ? | ਅਡਵਾਂਸ ਡਾਇਰੈਕਟਿਵ ਦਾ ਬੀ ਸੀ ਵਿਚ ਕਾਨੂੰਨੀ ਤੌਰ ’ਤੇ ਮੰਨਿਆ ਜਾਣ ਲਈ, ਇਹ ਕਾਨੂੰਨੀ ਸ਼ਰਤਾਂ ਮੁਤਾਬਕ ਬਣਾਇਆ ਜਾਣਾ ਜ਼ਰੂਰੀ ਹੈ। ਇਸ ’ਤੇ ਦਸਖਤ ਕਰਨਾ ਅਤੇ ਗਵਾਹੀ ਪਾਉਣਾ ਜ਼ਰੂਰੀ ਹੈ। ਦੋ ਗਵਾਹਾਂ ਦੀ ਲੋੜ ਹੈ। ਜੇ ਬੀ ਸੀ ਵਿਚ ਇਹ ਕੋਈ ਵਕੀਲ ਜਾਂ ਨੋਟਰੀ ਹੈ ਤਾਂ ਸਿਰਫ ਇਕ ਗਵਾਹ ਦੀ ਲੋੜ ਹੈ। ਕੁਝ ਲੋਕ ਗਵਾਹ ਨਹੀਂ ਬਣ ਸਕਦੇ, ਜਿਨ੍ਹਾਂ ਵਿਚ 19 ਸਾਲ ਤੋਂ ਘੱਟ ਦੇ ਲੋਕ ਅਤੇ ਉਹ ਲੋਕ ਸ਼ਾਮਲ ਹਨ ਜਿਨ੍ਹਾਂ ਨੂੰ ਤੁਹਾਨੂੰ ਨਿੱਜੀ ਜਾਂ ਸਿਹਤ ਸੰਭਾਲ ਦੀਆਂ ਸੇਵਾਵਾਂ ਜਾਂ ਵਿੱਤੀ ਸੇਵਾਵਾਂ ਦੇਣ ਬਦਲੇ ਪੈਸੇ ਮਿਲਦੇ ਹਨ।<br><br>ਅਡਵਾਂਸ ਡਾਇਰੈਕਟਿਵ ਬਣਾਉਣ ਤੋਂ ਪਹਿਲਾਂ ਤੁਸੀਂ ਹੋਰ ਪੜ੍ਹਨਾ ਅਤੇ ਕਾਨੂੰਨੀ ਸਲਾਹ ਲੈਣਾ ਚਾਹੁੰਦੇ ਹੋ ਸਕਦੇ ਹੋ। ਸਿਹਤ ਮਹਿਕਮੇ ਨੇ ਅਡਵਾਂਸ ਕੇਅਰ ਪਲੈਨਿੰਗ ਬਾਰੇ ਇਸ ਚੀਜ਼ ਬਾਰੇ ਲਿਖਤੀ ਸਾਮੱਗਰੀ ਤਿਆਰ ਕੀਤੀ ਹੈ ਕਿ ਅਡਵਾਂਸ ਡਾਇਰੈਕਟਿਵ ਕਿਵੇਂ ਤੁਹਾਡੇ ਭਵਿੱਖ ਦੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਸਮੁੱਚੀ ਪਲੈਨਿੰਗ ਵਿਚ ਫਿਟ ਹੋ ਸਕਦੇ ਹਨ। ਪਰ, ਸਿਹਤ ਮਹਿਕਮੇ ਦੀ *ਅਡਵਾਂਸ ਕੇਅਰ ਪਲੈਨਿੰਗ ਗਾਈਡ* ਇਕ ਫਾਰਮ ਪ੍ਰਦਾਨ ਕਰਦੀ ਹੈ ਜਿਹੜਾ ਤੁਹਾਡੀਆਂ ਹਾਲਤਾਂ ਨੂੰ ਕਵਰ ਕਰ ਸਕਦਾ ਹੈ ਜਾਂ ਨਹੀਂ ਕਰ ਸਕਦਾ ਹੈ। ਇਸ ਗਾਈਡ ਦੇ ਅੰਤ ’ਤੇ ਮਦਦ ਕਰਨ ਵਾਲੇ ਲਿੰਕ ਦੇਖੋ।<br><br>**ਸਾਵਧਾਨੀ:** ਜੇ ਸ਼ਰਤਾਂ ਪੂਰੀ ਨਾ ਹੋਣ ਤਾਂ ਡਾਕੂਮੈਂਟ ਕਾਨੂੰਨੀ ਤੌਰ ’ਤੇ ਲਾਗੂ ਨਹੀਂ ਹੁੰਦਾ। ਪਰ, ਇਸ ਦਾ ਸਮਰੱਥ ਹੋਣ ਵੇਲੇ ਤੁਹਾਡੀਆਂ ਇੱਛਾਵਾਂ ਵਜੋਂ ਮਾਣ ਕੀਤਾ ਜਾਵੇਗਾ, ਅਤੇ ਤੁਹਾਡੇ ਸਿਹਤ ਸੰਭਾਲ ਦੇ ਫੈਸਲੇ ਕਰਨ ਦੇ ਕਾਨੂੰਨੀ ਹੱਕ ਵਾਲਾ ਵਿਅਕਤੀ ਤੁਹਾਡੀਆਂ ਹਿਦਾਇਤਾਂ ਦੀ ਪਾਲਣਾ ਕਰੇਗਾ। |

## ਜੀ. ਕਮੇਟੀ ਦੀ ਨਿਯੁਕਤੀ

ਜੇ ਅਦਾਲਤ ਨੂੰ ਇਹ ਪਤਾ ਲੱਗਦਾ ਹੈ ਕਿ ਕੋਈ ਬਾਲਗ ਆਪਣੇ ਮਾਮਲਿਆਂ ਦਾ ਪ੍ਰਬੰਧ ਕਰਨ ਦੇ ਅਸਮਰੱਥ ਹੈ ਤਾਂ ਅਦਾਲਤ ਇਸਟੇਟ ਦੀ ਕਮੇਟੀ ਬਣਨ ਲਈ ਕਿਸੇ ਵਿਅਕਤੀ ਨੂੰ ਨਿਯੁਕਤ ਕਰ ਸਕਦੀ ਹੈ ਜੋ ਕਿ ਬਾਲਗ ਦੇ ਵਿੱਤੀ ਮਾਮਲਿਆਂ ਲਈ ਜ਼ਿੰਮੇਵਾਰ ਹੋਵੇਗਾ। ਜੇ ਲੋੜ ਹੋਵੇ ਤਾਂ ਓਹੀ ਵਿਅਕਤੀ ਜਾਂ ਕੋਈ ਹੋਰ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲੇ ਕਰਨ ਲਈ ਕਮੇਟੀ ਔਫ ਪਰਸਨ ਨਿਯੁਕਤ ਕੀਤਾ ਜਾ ਸਕਦਾ ਹੈ। ਕਮੇਟੀ ਕੋਲ ਬਾਲਗ ਲਈ ਫੈਸਲੇ ਕਰਨ ਦੀਆਂ ਵਿਸ਼ਾਲ ਤਾਕਤਾਂ ਹੁੰਦੀਆਂ ਹਨ। ਕੁਝ ਇਲਾਕਿਆਂ ਵਿਚ, ਕਮੇਟੀ ਨੂੰ ਗਾਰਡੀਅਨ ਆਖਿਆ ਜਾਂਦਾ ਹੈ ਅਤੇ ਬੀ.ਸੀ. ਦੇ ਕੁਝ ਕਾਨੂੰਨ ਕਮੇਟੀ ਨੂੰ ਜ਼ਿਆਦਾ ਆਮ ਵਰਣਨ ਕਰਨ ਲਈ ਇਹ ਸ਼ਬਦ ਵਰਤਦੇ ਹਨ। ਪੀ ਜੀ ਟੀ ਨੇ ਇਕ *ਪ੍ਰਾਈਵੇਟ ਕਮੇਟੀ ਹੈਂਡਬੁੱਕ* ਅਤੇ ਕਈ ਜਾਣਕਾਰੀ ਸ਼ੀਟਾਂ ਤਿਆਰ ਕੀਤੀਆਂ ਹਨ ਜੋ ਕਮੇਟੀ ਦੇ ਰੋਲ ਬਾਰੇ ਜ਼ਿਆਦਾ ਵਰਣਨ ਕਰਦੀਆਂ ਹਨ। ਇਹ ਸਾਮੱਗਰੀਆਂ ਪੀ ਜੀ ਟੀ ਦੇ ਵੈੱਬਸਾਈਟ (www.trustee.bc.ca) ’ਤੇ ਰਿਪੋਰਟਸ ਐਂਡ ਪਬਲੀਕੇਸ਼ਨ ਭਾਗ ਵਿਚ ਦੇਖੀਆਂ ਜਾ ਸਕਦੀਆਂ ਹਨ।

ਤੁਹਾਡੇ ਲਈ ਕਮੇਟੀ ਨਿਯੁਕਤ ਕਰਨਾ ਜ਼ਰੂਰੀ ਨਹੀਂ ਹੈ। ਇਹ ਤੁਹਾਡੀ ਚੋਣ ਹੈ। ਇਹ ਇਕ ਸਾਧਨ ਹੈ ਜਿਸ ਦੀ ਵਰਤੋਂ ਤੁਸੀਂ ਆਪਣੇ ਭਵਿੱਖ ਦੀ ਪਲੈਨ ਬਣਾਉਣ ਲਈ ਕਰ ਸਕਦੇ ਹੋ।

ਇਹ ਭਾਗ ਦੱਸਦਾ ਹੈ ਕਿ ਤੁਸੀਂ ਇਸ ਚੀਜ਼ ਵਿਚ ਆਪਣੀ ਗੱਲ ਕਿਵੇਂ ਕਹਿ ਸਕਦੇ ਹੋ ਕਿ ਜੇ ਲੋੜ ਹੋਵੇ ਤਾਂ ਤੁਹਾਡੀ ਕਮੇਟੀ ਲਈ ਕੌਣ ਚੁਣਿਆ ਜਾਵੇਗਾ।

| ਸੰਖੇਪ – ਕਮੇਟੀ ਦੀ ਨੌਮੀਨੇਸ਼ਨ | |
|---|---|
| ਕਮੇਟੀ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ? | ਜੇ ਤੁਹਾਡੇ ਲਈ ਕਮੇਟੀ ਦੀ ਲੋੜ ਹੋਵੇ ਤਾਂ ਕੋਈ ਅਦਾਲਤ ਕੋਲ ਇਹ ਐਲਾਨ ਕਰਨ ਲਈ ਅਪਲਾਈ ਕਰ ਸਕਦਾ ਹੈ ਕਿ ਤੁਸੀਂ ਅਸਮਰੱਥ ਹੋ ਅਤੇ ਉਸ ਨੂੰ ਤੁਹਾਡੀ ਕਮੇਟੀ ਬਣਾਇਆ ਜਾਵੇ।<br><br>ਅਰਜ਼ੀਕਰਤਾ ਆਮ ਤੌਰ ’ਤੇ ਬਾਲਗ ਦੇ ਪਰਿਵਾਰ ਵਿੱਚੋਂ ਕੋਈ ਵਿਅਕਤੀ ਹੁੰਦਾ ਹੈ। ਉਨ੍ਹਾਂ ਨੂੰ ਇਹ ਦਿਖਾਉਣ ਦੀ ਲੋੜ ਹੁੰਦੀ ਹੈ ਕਿ ਉਹ ਖਾਹਸ਼ਮੰਦ ਹਨ ਅਤੇ ਸ਼ਾਮਲ ਜ਼ਿੰਮੇਵਾਰੀਆਂ ਲਈ ਢੁਕਵੇਂ ਹਨ। ਕਦੇ ਕਦੇ ਕਿਸੇ ਟਰੱਸਟ ਕੰਪਨੀ ਜਾਂ ਪੀ ਜੀ ਟੀ ਨੂੰ ਵੀ ਨਿਯੁਕਤ ਕੀਤਾ ਜਾ ਸਕਦਾ ਹੈ। |
| ਨੌਮੀਨੇਸ਼ਨ ਕੀ ਹੈ? | ਨੌਮੀਨੇਸ਼ਨ (ਨਿਯੁਕਤੀ) ਇਕ ਕਾਨੂੰਨੀ ਪੇਪਰ ਹੈ ਜਿਸ ਵਿਚ ਕੋਈ ਸਮਰੱਥ ਬਾਲਗ ਕਿਸੇ ਵਿਅਕਤੀ ਜਾਂ ਵਿਅਕਤੀਆਂ ਨੂੰ ਅਦਾਲਤ ਵਲੋਂ ਆਪਣੇ ਲਈ ਕਮੇਟੀ ਬਣਾਏ ਜਾਣ ਲਈ ਨਿਯੁਕਤ ਕਰਦਾ ਹੈ ਜੇ ਭਵਿੱਖ ਵਿਚ ਇਸ ਦੀ ਲੋੜ ਪਵੇ। ਨਿਯੁਕਤੀ ’ਤੇ ਉਸ ਤਰ੍ਹਾਂ ਹੀ ਦਸਖਤ ਕੀਤੇ ਜਾਂਦੇ ਹਨ ਅਤੇ ਗਵਾਹੀ ਪਾਈ ਜਾਂਦੀ ਹੈ ਜਿਸ ਤਰ੍ਹਾਂ ਵਸੀਅਤ ’ਤੇ ਹੁੰਦਾ ਹੈ। |
| ਤੁਸੀਂ ਨੌਮੀਨੇਸ਼ਨ ਕਿਉਂ ਕਰ ਸਕਦੇ ਹੋ? | ਅਦਾਲਤ ਲਈ ਨੌਮੀਨੇਸ਼ਨ ਵਿਚਲੀਆਂ ਸੇਧਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜੇ ਅਜਿਹਾ ਨਾ ਕਰਨ ਦਾ ਕੋਈ ਚੰਗਾ ਕਾਰਨ ਨਹੀਂ ਹੈ। ਕਮੇਟੀ ਦੀ ਨਿਯੁਕਤੀ ਕਰਨ ਦੇ ਕੁਝ ਕਾਰਨਾਂ ਵਿਚ ਸ਼ਾਮਲ ਹਨ:<br>• ਜੇ ਕਮੇਟੀ ਲਈ ਲੋੜ ਹੋਵੇ ਤਾਂ ਪਰਿਵਾਰ ਦੇ ਮੈਂਬਰਾਂ ਵਿਚਕਾਰ ਮਤਭੇਤ ਪੈਦਾ ਹੋਣ ਦੀ ਸੰਭਾਵਨਾ ਹੈ<br>• ਪਰਿਵਾਰ ਦਾ ਕੋਈ ਖਾਸ ਮੈਂਬਰ ਜਾਂ ਦੋਸਤ ਹੈ ਜਿਹੜਾ ਤੁਹਾਡੇ ਖਿਆਲ ਮੁਤਾਬਕ ਤੁਹਾਡੀ ਬਿਹਤਰ ਨੁਮਾਇੰਦਗੀ ਕਰੇਗਾ<br>• ਤੁਸੀਂ ਪੌਵਰ ਔਫ ਅਟਾਰਨੀ (ਮੁਖਤਾਰਨਾਮਾ) ਜਾਂ ਰੈਪਰੇਜ਼ਿਨਟੇਸ਼ਨ (ਨੁਮਾਇੰਦਗੀ ਦਾ) ਐਗਰੀਮੈਂਟ ਨਹੀਂ ਚਾਹੁੰਦੇ, ਅਤੇ ਜੇ ਲੋੜ ਪਵੇ ਤਾਂ ਇਹ ਤਰਜੀਹ ਦਿਉਗੇ ਕਿ ਤੁਹਾਡਾ ਬਦਲ ਅਦਾਲਤ ਰਾਹੀਂ ਨਿਯੁਕਤ ਕੀਤਾ ਜਾਵੇ ਅਤੇ ਉਸ ਨੂੰ ਅਦਾਲਤ ਜਾਂ ਪੀ ਜੀ ਟੀ ਨੂੰ ਨੇਮ ਨਾਲ ਹਿਸਾਬ ਕਿਤਾਬ ਦੇਣ ਦੀ ਲੋੜ ਪਵੇਗੀ। |
| ਨੌਮੀਨੇਸ਼ਨ ਕੌਣ ਕਰ ਸਕਦਾ ਹੈ? | ਕੋਈ ਵੀ ਬਾਲਗ ਜਿਹੜਾ ਸਮਰੱਥ ਹੈ ਨੌਮੀਨੇਸ਼ਨ ਕਰ ਸਕਦਾ ਹੈ। ਵਸੀਅਤ ਜਾਂ ਪਲੈਨਿੰਗ ਦੇ ਹੋਰ ਢੰਗਾਂ ਵਾਂਗ, ਨੌਮੀਨੇਸ਼ਨ ਤੁਹਾਡੇ ਵਲੋਂ ਸਮਰੱਥ ਹੋਣ ਵੇਲੇ ਬਦਲੀ ਜਾਂ ਰੱਦ ਕੀਤੀ ਜਾ ਸਕਦੀ ਹੈ। |
| ਨੌਮੀਨੇਸ਼ਨ ਕਿੱਥੇ ਰੱਖੀ ਜਾਣੀ ਚਾਹੀਦੀ ਹੈ? | ਨਿਯੁਕਤ ਕੀਤੇ ਗਏ ਕਿਸੇ ਵਿਅਕਤੀ ਲਈ ਨੌਮੀਨੇਸ਼ਨ ਪ੍ਰਵਾਨ ਕਰਨਾ ਜ਼ਰੂਰੀ ਨਹੀਂ ਹੈ ਇਸ ਕਰਕੇ ਤੁਸੀਂ ਇਹ ਮਾਮਲਾ ਉਸ ਵਿਅਕਤੀ ਨਾਲ ਅਗਾਊਂ ਵਿਚਾਰਨਾ ਚਾਹ ਸਕਦੇ ਹੋ ਜਿਸ ਨੂੰ ਤੁਸੀਂ ਨਿਯੁਕਤ ਕਰਨਾ ਚਾਹੁੰਦੇ ਹੋ। ਤੁਸੀਂ ਇਹ ਵੀ ਗੱਲਬਾਤ ਕਰਨਾ ਚਾਹ ਸਕਦੇ ਹੋ ਕਿ ਤੁਸੀਂ ਨੌਮੀਨੇਸ਼ਨ ਕਿੱਥੇ ਰੱਖੋਗੇ ਅਤੇ ਤੁਹਾਡੇ ਹੋਰ ਜ਼ਰੂਰੀ ਪੇਪਰ ਕਿੱਥੇ ਲੱਭੇ ਜਾ ਸਕਦੇ ਹਨ।<br><br>ਤੁਸੀਂ ਪੀ ਜੀ ਟੀ ਨੂੰ ਵੀ ਸੂਚਿਤ ਕਰ ਸਕਦੇ ਹੋ ਕਿ ਤੁਸੀਂ ਕਮੇਟੀ ਨੌਮੀਨੇਸ਼ਨ ਕੀਤੀ ਹੈ ਪਰ ਪੀ ਜੀ ਟੀ ਅਸਲੀ ਪੇਪਰਾਂ ਨੂੰ ਨਹੀਂ ਸਾਂਭਦਾ। |

# ਐੱਚ. ਨਿੱਜੀ ਪਲੈਨਿੰਗ ਲਈ ਹੋਰ ਵਿਚਾਰਾਂ

## ਪੇਪਰਾਂ ਨੂੰ ਵਿਚਾਰਨਾ

ਜਿਵੇਂ ਕਿ ਵਸੀਅਤ ਨਾਲ ਕੀਤਾ ਜਾਂਦਾ ਹੈ, ਜ਼ਿੰਦਗੀ ਦੇ ਹਾਲਾਤ ਬਦਲਣ ’ਤੇ, ਜਾਂ ਕਾਨੂੰਨ ਦੇ ਬਦਲਣ ’ਤੇ ਜਿਵੇਂ ਕਿ 2011 ਵਿਚ ਹੋਇਆ ਸੀ, ਆਪਣੇ ਪੇਪਰਾਂ (ਡਾਕੂਮੈਂਟਸ) ’ਤੇ ਵਿਚਾਰ ਕਰਨਾ ਮਹੱਤਵਪੂਰਨ ਹੁੰਦਾ ਹੈ। ਕਈ ਕਾਰਨਾਂ ਕਰਕੇ ਤੁਸੀਂ ਆਪਣੇ ਪੇਪਰ ਨਵਿਆਉਣੇ ਚਾਹ ਸਕਦੇ ਹੋ। ਇਨ੍ਹਾਂ ਵਿਚ ਸ਼ਾਮਲ ਹਨ:

- ਫੈਸਲੇ ਕਰਨ ਲਈ ਤੁਸੀਂ ਜਿਸ ਵਿਅਕਤੀ ਦਾ ਨਾਂ ਲਿਆ ਹੈ ਉਹ ਸ਼ਾਇਦ ਉਪਲਬਧ ਜਾਂ ਯੋਗ ਨਹੀਂ ਹੈ
- ਕੋਈ ਤੁਹਾਡਾ ਨੇੜੇ ਹੋ ਸਕਦਾ ਹੈ ਅਤੇ ਤੁਹਾਡੀਆਂ ਮੌਜੂਦਾ ਇੱਛਾਵਾਂ ਨੂੰ ਜ਼ਿਆਦਾ ਸਮਝਦਾ ਹੋ ਸਕਦਾ ਹੈ
- ਸੰਬੰਧ ਬਦਲ ਗਏ ਹੋ ਸਕਦੇ ਹਨ
- ਤੁਹਾਡੀ ਜ਼ਿੰਦਗੀ ਵਿਚਲੇ ਕਿਸੇ ਹੋਰ ਵਿਅਕਤੀ ਕੋਲ ਜ਼ਿਆਦਾ ਸਮਾਂ ਹੋ ਸਕਦਾ ਹੈ ਅਤੇ/ਜਾਂ ਵਿੱਤੀ ਮਾਮਲਿਆਂ ਦਾ ਪ੍ਰਬੰਧ ਕਰਨ ਲਈ ਜ਼ਿਆਦਾ ਹੁਨਰ ਹੋ ਸਕਦੇ ਹਨ
- ਸਿਹਤ ਸੰਭਾਲ ਲਈ ਤੁਹਾਡੇ ਅਡਵਾਂਸ ਡਾਇਰੈਕਟਿਵ ਵਿਚ ਤੁਹਾਡੀਆਂ ਹਿਦਾਇਤਾਂ ਪੁਰਾਣੀਆਂ ਹੋ ਚੁੱਕੀਆਂ ਹਨ

## ਵਸੀਅਤ ਬਣਾਉਣਾ

ਜਦੋਂ ਤੁਸੀਂ ਨਿੱਜੀ ਪਲੈਨਿੰਗ ਦੇ ਇਕ ਜਾਂ ਜ਼ਿਆਦਾ ਪੇਪਰ ਬਣਾ ਰਹੇ ਹੋਵੋ ਤਾਂ ਉਸੇ ਵੇਲੇ ਹੀ ਆਪਣੀ ਵਸੀਅਤ ਬਣਾਉਣ ਜਾਂ ਨਵਿਆਉਣ ਬਾਰੇ ਵਿਚਾਰ ਕਰੋ।

## ਹੋਰਨਾਂ ਨੂੰ ਦੱਸਣਾ

ਇਹ ਜ਼ਰੂਰੀ ਹੈ ਕਿ ਜੇ ਲੋੜ ਪਵੇ ਤਾਂ ਤੁਹਾਡੇ ਨਿੱਜੀ ਪਲੈਨਿੰਗ ਦੇ ਪੇਪਰਾਂ ਤੱਕ ਪਹੁੰਚ ਹੋ ਸਕਦੀ ਹੋਵੇ। ਤੁਸੀਂ ਆਪਣੇ ਡਾਕਟਰ ਅਤੇ ਹੋਰ ਸ਼ਾਮਲ ਧਿਰਾਂ ਨਾਲ ਵੀ ਆਪਣੀ ਨਿੱਜੀ ਪਲੈਨਿੰਗ ਅਤੇ ਸਿਹਤ ਸੰਭਾਲ ਦੀਆਂ ਇੱਛਾਵਾਂ ਬਾਰੇ ਵਿਚਾਰ ਕਰਨਾ ਚਾਹ ਸਕਦੇ ਹੋ। ਤੁਸੀਂ ਬਟੂਏ ਵਿਚ ਪਾਉਣ ਵਾਲਾ ਇਕ ਕਾਰਡ ਵੀ ਰੱਖਣਾ ਚਾਹੁੰਦੇ ਹੋ ਸਕਦੇ ਹੋ ਜਿਹੜਾ ਇਹ ਦੱਸਦਾ ਹੋਵੇ ਕਿ ਤੁਸੀਂ ਕਿਹੜੇ ਪੇਪਰ ਬਣਾਏ ਹਨ, ਉਹ ਕਿੱਥੇ ਪਏ ਹਨ ਅਤੇ ਤੁਸੀਂ ਫੈਸਲੇ ਕਰਨ ਲਈ ਕਿਸ ਨੂੰ ਨਿਯੁਕਤ ਕੀਤਾ ਹੈ। ਤੁਸੀਂ ਪੇਪਰ ਨਿਦੂਸ ਪਰਸਨਲ ਪਲੈਨਿੰਗ ਰੀਸੋਰਸ ਸੈਂਟਰ ਅਤੇ ਰਜਿਸਟਰੀ ਨਾਲ ਵੀ ਰਜਿਸਟਰ ਕਰ ਸਕਦੇ ਹੋ (ਇਸ ਲਿਖਤ ਦੇ ਅੰਤ ਵਿਚ ਮਦਦ ਕਰਨ ਵਾਲੇ ਲਿੰਕ ਭਾਗ ਵਿਚ ਦੇਖੋ)

## ਹੋਰ ਇਲਾਕਿਆਂ ਤੋਂ ਪੇਪਰ

ਜੇ ਤੁਸੀਂ ਕਿਸੇ ਹੋਰ ਇਲਾਕੇ ਵਿਚ ਨਿੱਜੀ ਪਲੈਨਿੰਗ ਦਾ ਪੇਪਰ ਬਣਾਇਆ ਹੈ ਅਤੇ ਹੋਰ ਨਵਾਂ ਨਹੀਂ ਬਣਾਉਣਾ ਚਾਹੁੰਦੇ, ਜਾਂ ਨਵਾਂ ਬਣਾਉਣ ਦੇ ਯੋਗ ਨਹੀਂ ਹੋ ਤਾਂ ਇਹ ਫੈਸਲਾ ਕਰਨ ਲਈ ਤੁਹਾਨੂੰ ਜਾਂ ਤੁਹਾਡੇ ਵਲੋਂ ਨਿਯੁਕਤ ਕੀਤੇ ਗਏ ਵਿਅਕਤੀ ਨੂੰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ ਕਿ ਕੀ ਤੁਹਾਡਾ ਪੇਪਰ ਬੀ ਸੀ ਵਿਚ ਪਛਾਣਿਆ ਜਾਂਦਾ ਹੈ ਜਾਂ ਨਹੀਂ ਅਤੇ ਕਿਹੜੇ ਕਦਮ ਚੁੱਕੇ ਜਾਣੇ ਜ਼ਰੂਰੀ ਹਨ। ਉਦਾਹਰਣ ਲਈ, ਕੈਨੇਡਾ ਜਾਂ ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਵਿਚ ਬਣਾਏ ਗਏ ਬਹੁਤ ਸਾਰੇ ਪੇਪਰ, ਪਛਾਣੇ ਜਾ ਸਕਦੇ ਹਨ ਅਤੇ ਈ ਪੀ ਓ ਏਜ਼ ਜਾਂ ਨਿੱਜੀ/ਸਿਹਤ ਸੰਭਾਲ ਆਰ ਏ 9 ਦੇ ਤੌਰ ’ਤੇ ਸਮਝੇ ਜਾ ਸਕਦੇ ਹਨ ਜੇ ਕੁਝ ਕਦਮ ਚੁੱਕੇ ਜਾਂਦੇ ਹਨ ਅਤੇ ਸ਼ਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ।

# ਮਦਦ ਕਰਨ ਵਾਲੇ ਲਿੰਕ

**ਮਨਿਸਟਰੀ ਔਫ ਜਸਟਿਸ - http://www.ag.gov.bc.ca/incapacity-planning/**

**ਮਨਿਸਟਰੀ ਔਫ ਹੈਲਥ - http://www.health.gov.bc.ca/hcc/advance-care-planning.html**

**ਨਿਦੁਸ ਪਰਸਨਲ ਪਲੈਨਿੰਗ ਰੀਸੋਰਸ ਸੈਂਟਰ ਐਂਡ ਰਜਿਸਟਰੀ - http://www.nidus.ca**

**ਇਸ ਲਿਖਤ ਵਿਚ ਸੋਧਾਂ ਅਤੇ ਹੋਰ ਸੰਬੰਧਿਤ ਵਸੀਲਿਆਂ ਲਈ ਪੀ ਜੀ ਟੀ ਦਾ ਵੈੱਬਸਾਈਟ ਦੇਖੋ - www.trustee.bc.ca**

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

### ਅਸੈੱਸਮੈਂਟ ਅਤੇ ਪੜਤਾਲ ਦੀਆਂ ਸੇਵਾਵਾਂ (ਏ ਆਈ ਐੱਸ)

| | |
|---|---|
| ☎ ਦੂਰੋਂ ਮੁਫਤ | 1.877.511.4111 |
| ☎ ਲੋਕਲ | 604.660.4507 |
| ਫੈਕਸ ਦੂਰੋਂ ਮੁਫਤ | 1.855.660.9479 |
| ਫੈਕਸ ਲੋਕਲ | 604.660.9479 |
| @ ਈਮੇਲ | AIS-HCD@trustee.bc.ca |

### ਸਿਹਤ ਸੰਭਾਲ ਦੇ ਫੈਸਲੇ (ਐੱਚ ਸੀ ਡੀ)

| | |
|---|---|
| ☎ ਦੂਰੋਂ ਮੁਫਤ | 1877.511.4111 |
| ☎ ਲੋਕਲ | 604.660.4507 |
| ਫੈਕਸ ਦੂਰੋਂ ਮੁਫਤ | 1.855.660.9479 |
| ਫੈਕਸ ਲੋਕਲ | 604.660.9479 |
| @ ਈਮੇਲ | AIS-HCD@trustee.bc.ca |

### ਗਰੇਟਰ ਵੈਨਕੂਵਰ ਰੀਜਨਲ ਆਫਿਸ

700–808 West Hastings Street
Vancouver, BC V6C 3L3

| | |
|---|---|
| ☎ ਫੋਨ | 604.775.1001 |
| ਫੈਕਸ | 604.660.9498 |
| @ ਈਮੇਲ | STA@trustee.bc.ca |

### ਇਨਟੀਰੀਅਰ – ਨੌਰਥ ਰੀਜਨਲ ਆਫਿਸ

1345 St. Paul Street
Kelowna, BC V1Y 2E2

| | |
|---|---|
| ☎ ਫੋਨ | 250.712.7576 |
| ਫੈਕਸ | 250.712.7578 |
| @ ਈਮੇਲ | STA@trustee.bc.ca |

### ਵੈਨਕੂਵਰ ਆਈਲੈਂਡ ਰੀਜਨਲ ਆਫਿਸ

1215 Broad Street
Victoria, BC V8W 2A4

| | |
|---|---|
| ☎ ਫੋਨ | 250.356.8160 |
| ਫੈਕਸ | 250.356.7442 |
| @ ਈਮੇਲ | STA@trustee.bc.ca |

**ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ**

### ਦੂਰੋਂ ਮੁਫਤ ਕਾਲਿੰਗ

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ।
ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ)
**ਪਬਲਿਕ ਗਾਰਡੀਅਨ ਐਂਡ ਟਰੱਸਟੀ** ਵੱਲ ਬਦਲੇ ਜਾਣ ਲਈ ਬੇਨਤੀ ਕਰੋ।

| | |
|---|---|
| ☎ ਵੈਨਕੂਵਰ | 604.660.2421 |
| ☎ ਵਿਕਟੋਰੀਆ | 250.387.6121 |
| ☎ ਬੀ ਸੀ ਵਿਚ ਹੋਰ ਇਲਾਕੇ | 1.800.663.7867 |
| @ ਈਮੇਲ | webmail@trustee.bc.ca |

www.trustee.bc.ca

12-14#61
[Punjabi]

December 2014